# ਪਾਇਲ

ਸੁਖਧੀਰ ਸਿੰਘ ਸੰਧੂ



ਪਾਟਿਲ



1973 ਵਿੱਚ ਪਾਇਲ ਦੇ ਪਹਿਲੇ ਪ੍ਰਕਾਸ਼ਨ ਵੇਲੇ ਦਾ ਮੁੱਖ ਪੰਨਾ

# ਪਾਇਲ

ਸੁਖਬੀਰ ਸਿੰਘ ਸੰਧੂ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Payal

Punjabi Ghazals
By
Sukhbir Singh Sandhu

Editor : Gurbhajan Gill

ISBN : 978-93-6831-031-0

Price : Rs 250/-
10 US dollars

First Edition : 20 Oct 1973
Revised 2nd Edition: 2026

*Distributors*
**Singh Brothers**, Amritsar
**Chetna Parkashan**
Punjabi Bhawan, Ludhiana.
**Navchetan book depot**
Near SD college, Barnala

*Printed at*
**Printwell**
146, Industrial Focal Point, Amristar



ਜਿਸ ਮੋੜ ਤੇ ਕੋਈ ਇਸ ਤੋਂ, ਉਂਗਲੀ ਛੁਡਾ ਗਿਆ ਹੈ,
ਮੇਰੀ ਵਫ਼ਾ ਅਜੇ ਵੀ, ਉਸ ਮੋੜ ਤੇ ਖ਼ਲ਼ੀ ਏ।

**ਸੰਪਾਦਕ ਦੀਆਂ ਹੋਰ ਰਚਨਾਵਾਂ:**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਹਰ ਧੁਖਦਾ ਪਿੰਡ ਮੇਰਾ ਹੈ | (ਗ਼ਜ਼ਲ ਸੰਗ੍ਰਹਿ) 1996, 2007, 2021 |
| ਬੋਲ ਮਿੱਟੀ ਦਿਆ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009, 2022 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012, 2025 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016 (ਦੋ ਐਡੀਸ਼ਨ), 2026 |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019, 2026 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਚਰਖ਼ੜੀ | (ਕਾਵਿ ਸੰਗ੍ਰਹਿ) 2021, 2023 |
| ਪਿੱਪਲ ਪੱਤੀਆਂ | (ਗੀਤ ਸੰਗ੍ਰਹਿ) 2022, 2026 |
| ਜਲ ਕਣ | (ਰੁਬਾਈਆਂ) 2022 |
| ਜ਼ੇਵਰ | (ਗ਼ਜ਼ਲ ਸੰਗ੍ਰਹਿ) 2025 |
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 |
| ਕੈਮਰੇ ਦੀ ਅੱਖ ਬੋਲਦੀ | (ਸੁਚਿਤਰ ਵਾਰਤਕ) 1999 |

(ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿਤਰਾਂ ਸਹਿਤ)

**ਸ਼ਾਹਮੁਖੀ ਵਿੱਚ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2023 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2023 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2024 |
| ਮੇਰੇ ਪੰਜ ਦਰਿਆ | (ਸੰਪੂਰਨ ਗੀਤ) |

**ਹਿੰਦੀ**

| | |
|---|---|
| ਆਧਾਰ ਭੂਮੀ (ਚੋਣਵੀਂ ਕਵਿਤਾ) | (ਕਾਵਿ ਸੰਗ੍ਰਹਿ) 2022 |

**ਲੇਖਕ ਦੀਆਂ ਰਚਨਾਵਾਂ ਦੇ ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਸੁਰਖ ਸਮੁੰਦਰ | (ਪਹਿਲੇ ਦੋ ਕਾਵਿ ਸੰਗ੍ਰਹਿ) 1992, 1994, 2000, 2022 |
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2020, 2021 |
| ਇਤਫ਼ਾਕ | (ਗ਼ਜ਼ਲ ਸੰਗ੍ਰਹਿ) 2024 (ਦੋ ਐਡੀਸ਼ਨ) |

**ਸੰਪਾਦਿਤ ਸੰਗ੍ਰਹਿ**

**ਧਰਮੀ ਵੰਗਾਰੇ ਤਖ਼ਤ ਨੂੰ** (ਕਿਸਾਨ ਮੋਰਚਾ 2020-21 ਬਾਰੇ ਲਿਖੀਆਂ ਕਵਿਤਾਵਾਂ) 2025

**ਸੂਰਜ ਦੀ ਲਿਸ਼ਕੋਰ** (ਲੋਕ ਕਵੀ ਪ੍ਰੀਤਮ ਦਾਸ ਠਾਕੁਰ ਦੀ ਚੋਣਵੀਂ ਕਵਿਤਾ)

**ਪੰਡੋਕੜੀ** (ਪਾਕਿ-ਕਵੀ ਜ਼ਫ਼ਰ ਇਕਬਾਲ ਦੀ ਸਮੁੱਚੀ ਰਚਨਾ)

# ਤਤਕਰਾ


ਪਾਇਲ ਤੇ ਮੈਂ 9
ਪ੍ਰਸਤਾਵਨਾ 11
ਇਹ ਭੂਮਿਕਾ ਨਹੀਂ ਹੈ ਦੋਸਤੋ 17
ਮਾਰੀ ਉਨ੍ਹਾਂ ਨੇ ਚੋਟ ਹੈ ਸਾਡੇ ਯਕੀਨ ਤੇ 23
ਜ਼ਖ਼ਮ ਹੋਏ, ਮਰ੍ਹਮ ਲਗਾਈ ਜਦ 24
ਜੋ ਪਲਕਾਂ ਹੇਠ ਬਿਠਾਉਂਦਾ ਰਿਹਾ 25
ਬੇ-ਅਸਰ ਨਿਕਲੀ ਜਦੋਂ ਹਰ ਇੱਕ ਦਵਾ... 26
ਮੇਰੇ ਤਰਲੇ ਉਸ ਦੀ ਓਹੋ ਬੇ-ਰੁਖ਼ੀ 27
ਜਦੋਂ ਦਾ ਰਾਤ ਨੂੰ ਆਵਣ ਦੇ ਲਾ ਗਿਆ.. 28
ਚਮਨ ਹੈ, ਜਾਂ ਕੋਈ ਵੀਰਾਨਾ ਹੈ 29
ਦੱਸਦਾ ਏ ਹਰ ਨਜ਼ਾਰਾ ਕਰਵਟ ਬਦਲ ... 30
ਮੇਰੇ ਦੋਸਤੋ, ਰਲ ਕੇ ਮੇਰੇ ਦਿਲ ਦੀ ਦਵਾ... 31
ਲੈ ਲੈਂਦਾ ਹੈ ਸਜਦਾ, ਰੋਕ ਕੇ, ਇੱਕ ਦਰ... 32
ਉਸ ਦਾ ਕਹਿਰ ਵੀ ਦੇਖੋ, ਮੇਰਾ ਸਬਰ ਵੀ... 33
ਗ਼ਮਾਂ ਦੀ ਲੋੜ ਹੈ ਮੈਨੂੰ, ਇਹ ਗ਼ਮ ਨੇ... 35
ਜਦੋਂ ਘਰ ਕਿਸੇ ਦੇ ਸਮਾਏ ਗ਼ਰੀਬੀ 36
ਵੇਖ ਕੇ ਯਾਰ ਨੂੰ ਆਇਆਂ, ਇਹ ਜਲ... 37
ਸਦਾ ਜੋ ਦਿਲ 'ਚ ਵੱਸਦਾ ਹੈ, ਉਹੀ ਅੱਖਾਂ..38
ਤੇਰਾ ਮੁਸਕਰਾਣਾ ਤੇ ਮੁਸ਼ਕਿਲ ਨਹੀਂ ਹੈ 39
ਜਦ ਵੀ ਆਏ ਨੇ, ਉਨ੍ਹਾਂ ਜਾਣ ਦੀ ਗੱਲ...40
ਸੁਰਾਹੀ ਧੌਣ, ਮੈਅ ਜੋਬਨ ਤੋਂ ਇੱਕ ਇੱਕ... 41
ਜਦ ਕਦੇ ਉਸ ਬੇਵਫ਼ਾ ਦੇ ਹੁਣ ਸ਼ਹਿਰ... 42
ਅੱਜ ਦੇ ਸੰਸਾਰ ਵਿੱਚ ਕੀ ਯਾਰ ਕਰ ... 43
ਏਨਾਂ ਕਠਿਨ ਹੈ ਉਸ ਦੀਆਂ ਯਾਦਾਂ ਨੂੰ ... 44
ਪਾਈ ਅਸਲ 'ਚ ਓਸ ਹੀ ਇਨਸਾਨ... 45
ਗ਼ਮ ਹੀ ਬਣੇ ਨੇ ਪਿਆਰ ਦੇ ਗਵਾਹ ਬਾਰ.. 46
ਇਕ ਦਿਨ ਟਿਕਾਣੇ ਪਹੁੰਚ ਗਏ ਜਿਹੜੇ... 47
ਮੌਤ ਦਾ ਡਰ ਕੀ ਭਲਾ ਹੋਵੇਗਾ ਉਸ ... 48
ਦਿਲ ਫੂਕਦਾ ਹੈ ਮੇਰਾ ਕਿਉਂ ਸੋਚ ਦਾ... 49
ਮੁਹੱਬਤ ਦੇ ਜੇ ਦੀਪ ਬਾਲੇ ਨਾ ਜਾਂਦੇ 50
ਇਸ਼ਕ ਵਿੱਚ ਸ਼ਰਮਾਣ ਦੀ ਆਦਤ ਨਹੀਂ 51
ਜਾਗੋ ! ਕਿ ਸਮਾਂ ਉੱਜਲੇ ਸੰਗਰਾਮ ... 53
ਦੋ ਕਦਮ ਅੱਜ ਮੈਂ ਉਹਨਾਂ ਦੇ ਨਾਲ... 54
ਰਾਤਾਂ ਨੂੰ ਦਿਨ ਬਣਾਉਂਦੀਆਂ, ... 55
ਗ਼ਮਾਂ ਵਾਲੀ ਕਮਾਲ ਹੋ ਗਈ ਏ 57
ਕੋਈ ਇਹ ਕਰਾਮਾਤ ਕਰਕੇ ਵਿਖਾਲੇ 58
ਕਿਉਂ ਕਹਾਂ ਉਹ ਸ਼ੋਖ਼ ਓਝਿਲ ਹੋ ਗਿਆ! 59
ਫਿਰ ਇਸ਼ਕ ਦੀ ਲਹਿਰ ਟਕਰਾਏ ਕਦੀ 60
ਹੁਣ ਦੱਬ ਕੇ ਨਹੀਂ ਰਹਿਣੇ ਬੋਲ ਜ਼ਮੀਰਾਂ ਦੇ 61
ਨੈਣ ਅਸਾਡੇ ਰਿੰਮ-ਝਿੰਮ, ਰਿੰਮ-ਝਿੰਮ 62
ਔਹ ਆ ਗਈ ਉ ਕਾਲੀ ਘਟਾ ਸਾਕੀਆ ! 63
ਪਿਆਰ ਦੀ ਦੁਨੀਆਂ ਦਾ ਝੂਠਾ ਹਰ ... 64
ਤੇਰੇ ਹਿਜਰ ਦੀ ਰਤਾ ਵੀ ਅਜੇ ਰਾਤ ਨ... 65
ਮਾਂ ਧਰਤੀ ਦੀ ਹਿੱਕ ਤੇ ਕਿਧਰੇ ਬੰਬਾਂ ਦੀ... 66
ਜੋ ਮਹਿਫ਼ਿਲ 'ਚ ਗਈਆਂ 67
ਕਿਸ ਕਿਸ ਜ਼ਖ਼ਮ ਨੂੰ ਚੁੰਮਾਂ 68
ਮੈਂ ਗ਼ਮਾਂ ਦੇ ਰਾਣੀ-ਹਾਰ ਵਿੱਚ 69
ਜੇ ਅੱਖ ਉਨ੍ਹਾਂ ਦੀ ਖੁੱਲ੍ਹਣ 70
ਸੋਚਿਆ ਸੀ ਹੋਰ, ਹੋਇਆ ਹੋਰ ਹੈ 71
ਜਿਸ ਜਿਸ ਦੇ ਨੈਣੀ ਛਿੱਟ ਕਣੀਆਂ 72
ਆਇਆ ਹੈ ਤੇਰਾ ਖ਼ਤ ਜੋ ਅੱਜ 73
ਛੱਡਕੇ ਤੈਨੂੰ, ਸਹਾਰੇ ਕੀ ਕਰਾਂ ! 74
ਪਰਦੇਸਾਂ ਦੀ ਤਨਹਾਈ ਵਿਚ 75
ਪੱਛਮ ਦੀਆਂ ਹਵਾਵਾਂ ਸਾਨੂੰ ਨਾ 76
ਜਿਸ ਰਾਤ ਮੈਂ ਤੈਨੂੰ ਖੋ ਬੈਠਾ 77
ਉਸ ਬੇ-ਵਫ਼ਾ ਦੀ ਯਾਦ ਵਿਚ 78

ਬਣਦੇ ਨਜ਼ਰ ਨੇ ਆ ਰਹੇ 79
ਉਸ ਬੇਵਫ਼ਾ ਦੀ ਯਾਦ ਵਿੱਚ... 80
''ਪਾਇਲ'' ਸ਼ਾਇਰੀ ਦੀ ਛਮ ਛਮ 92
ਸੁਖਬੀਰ ਸਿੰਘ ਸੰਧੂ ਗ਼ਜ਼ਲ ਲਿਖਦਾ 95
ਪ੍ਰਭਾਤ ਦਾ ਸੰਧੂਰ : ਪਾਇਲ 99
ਸੁਖਬੀਰ ਸਿੰਘ ਸੰਧੂ ਦਾ ਗ਼ਜ਼ਲ ਜਗਤ 102
ਸੁਖਬੀਰ ਸਿੰਘ ਸੰਧੂ ਦੀ ਪੁਸਤਕ 'ਪਾਇਲ' 104
'ਪਾਇਲ' : ਪੰਜਾਬੀ ਗ਼ਜ਼ਲ ਸਾਹਿਤ... 105
''ਪਾਇਲ'' ਸਮਰੱਥ ਗ਼ਜ਼ਲ ਦੀ ਸਿਰਜਣਾ 106
ਪਾਇਲ : ਝਾਂਜਰਾਂ ਦੇ ਬੋਰ 107
ਪਾਇਲ ਦੀ ਛਣਕਾਰ ਸੁਣੋ 109
ਸਹਿਜਭਾਵੀ ਬੋਲਾਂ ਦਾ ਮੁਹੱਬਤੀ... 113
ਕਮਾਲ ਦੇ ਸ਼ਾਇਰ ਹਨ ਸੁਖਬੀਰ ਸਿੰਘ... 116
ਸੁਖਬੀਰ ਸਿੰਘ ਸੰਧੂ ਨੇ ਜਿਸ ਸਮੇਂ... 117
ਪਾਇਲ : ਪੰਜਾਬੀ ਗ਼ਜ਼ਲ ਦਾ... 119

●



**ਸੁਖਬੀਰ ਸਿੰਘ ਸੰਧੂ ਆਪਣੇ ਸਹੁਰਾ ਸਾਹਿਬ**
**ਸ: ਅਮਰ ਸਿੰਘ ਭੁੱਲਰ, ਮਾਂ ਮਨਜੀਤ ਕੌਰ,**
**ਪਤਨੀ ਨਿਰਮਲ ਕੌਰ ਤੇ ਨਿੱਕੀ ਭੈਣ ਇੰਦਰਬੀਰ ਕੌਰ ਨਾਲ**
**ਫ਼ੋਟੋ : ਜਸਬੀਰ ਭੁੱਲਰ**

# ਪਾਇਲ ਤੇ ਮੈਂ

**"ਪਾਇਲ"** ਲਗਪਗ ਮੇਰੀ ਬੀਤੇ 20 ਸਾਲਾਂ ਦੀ ਮਿਹਨਤ ਦਾ ਸਿੱਟਾ ਹੈ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਮੇਰੀ ਜੁਆਨੀ ਵਾਰੇ ਦੇ ਵੰਨ-ਸੁਵੰਨੇ ਅਹਿਸਾਸ ਨੇ ਇਸ ਸੰਗ੍ਰਹਿ ਵਿਚਲੀਆਂ ਗਜ਼ਲਾਂ ਦਾ ਰੂਪ ਧਾਰਿਆ ਹੈ। ਇਨ੍ਹਾਂ 20 ਵਰ੍ਹਿਆਂ 'ਚ ਮੈਂ ਇਕ ਸਧਾਰਨ ਮਨੁੱਖ ਨਾਲੋਂ ਕੁਝ ਵਧੇਰੇ ਹੀ ਰੰਗ ਵੇਖੇ ਹਨ। ਗਰੀਬੀ, ਅਮੀਰੀ, ਪਿਆਰ, ਨਫ਼ਰਤ, ਪਰਦੇਸੀ ਜੀਵਨ, ਪੱਛਮੀ ਸਭਿਅਤਾ ਵਿਚ ਵਿਚਰਨ ਦਾ ਮੌਕਾ, ਮਾਲਕੀ, ਮਜ਼ਦੂਰੀ, ਰੋਜ਼ਗਾਰ ਲਈ ਕਈ ਧੰਦੇ ਸੰਘਰਸ਼, ਅਣਚਾਹੀਆਂ ਦੋਸਤੀਆਂ ਅਤੇ ਵਤਨ ਦੀ ਯਾਦ ਆਦਿਕ ਇਨ੍ਹਾਂ ਵਿਚੋਂ ਕੁਝ ਹਨ ਜਿਨ੍ਹਾਂ ਦਾ ਪ੍ਰਭਾਵ ਮੇਰੀਆਂ ਗ਼ਜ਼ਲਾਂ ਨੇ ਕਬੂਲਿਆ ਹੈ।

ਮੈਂ 'ਪਾਇਲ' ਬਾਰੇ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ। ਇਸ ਦੀ ਛਣਕਾਰ ਇਸ ਦਾ ਸੁਰੀਲਾਪਣ, ਲੈਅ, ਸੁੰਦਰਤਾ, ਜੜਤ, ਇਸ ਦੀ ਬਾਰ-ਬਾਰ ਸੁਆਦ ਮਾਨਣ ਦੀ ਖਿੱਚ ਕਿੰਨੀ ਕੁ ਹੈ, ਇਹ ਗੱਲ ਇਸਦੇ ਰਸੀਏ ਹੀ ਦੱਸ ਸਕਦੇ ਹਨ।

ਹਾਂ ਮੈਂ ਉਹਨਾਂ ਸਭ ਦੋਸਤਾਂ ਦਾ ਸਦਾ ਰਿਣੀ ਰਹਾਂਗਾ ਜਿੰਨ੍ਹਾਂ ਨੇ **"ਪਾਇਲ"** ਨੂੰ ਸ਼ਿੰਗਾਰਨ ਵਿੱਚ ਮੈਨੂੰ ਹਰ ਤਰ੍ਹਾਂ ਨਰੋਏ ਸੁਝਾਅ ਦਿੱਤੇ ਨੇ।

ਮੈਂ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਦਾ ਜੰਮ ਪਲ ਹਾਂ ਅਤੇ ਮੇਰਾ ਅਸਲੀ ਪਿੰਡ ਕਲਸੀਆਂ ਖ਼ੁਰਦ (ਖਾਲੜਾ) ਜ਼ਿਲ੍ਹਾ ਅੰਮ੍ਰਿਤਸਰ ਹੈ। ਮੇਰੇ ਪਿਤਾ ਜੀ ਗਿਆਨੀ ਸਰਦਾਰਾ ਸਿੰਘ ਜੀ ਸਨ ਜਿੰਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ, ਤਰਨ ਤਾਰਨ ਦੇ ਲੇਖੇ ਲਾਇਆ। ਮੇਰੀ ਜਨਮ ਤਰੀਕ 12 ਅਗਸਤ 1932 ਹੈ ਅਤੇ ਮੇਰੀ ਵਿਦਿਆ ਐੱਮ.ਏ. ਬੀ.ਟੀ. ਤੀਕ।

ਅੱਜ ਤੀਕ ਕਲਰਕ, ਅਧਿਆਪਕ, ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿਚ ਡਰਾਮਾ ਇੰਸਪੈਕਟਰ ਅਤੇ ਇੰਗਲੈਂਡ ਵਿਚ ਸਪਰੇਅ ਪੇਂਟਰ ਆਦਿ ਕਿੱਤੇ ਕਰ ਚੁਕਾ ਹਾਂ ਅਤੇ ਹੁਣ ਭਾਰਤ ਵਿਚ ਹੋਟਲ ਦੀ ਮਾਲਕੀ ਕਰ ਰਿਹਾ ਹਾਂ। ਕਵਿਤਾ ਤੇ ਖਾਸ ਕਰ ਕੇ ਗ਼ਜ਼ਲ ਲਿਖਣ ਦਾ ਸ਼ੌਂਕ ਫੁੱਟਦੀ ਜਵਾਨੀ ਤੋਂ ਚਲਿਆ ਆ ਰਿਹਾ ਹੈ ਬਰਤਾਨੀਆਂ ਵਿਚ ਵੱਸਦੇ ਪੰਜਾਬੀ ਸਾਹਿਤਕਾਰਾਂ ਨੇ "ਪੰਜਾਬੀ ਸਾਹਿਤ ਸਭਾ" ਲੰਡਨ, ਯੂ:ਕੇ, ਦਾ ਜਨਰਲ ਸਕੱਤਰ ਬਣਨ ਦਾ ਮਾਣ ਤੇ ਸੇਵਾ ਵੀ ਬਖਸ਼ੀ। ਮੇਰੀ ਪਹਿਲੀ ਕਿਰਤ **'ਪਾਇਲ'** ਆਪ ਦੇ ਹੱਥਾਂ ਵਿਚ ਹੈ।

***ਸੁਖਬੀਰ ਸਿੰਘ ਸੰਧੂ ਐੱਮ ਏ.***
*ਪਾਇਲ ਹੋਟਲ ਐਂਡ ਰੈਸਟੋਰੈਂਟ ਅੰਮ੍ਰਿਤਸਰ ਰੋਡ,*
*ਤਰਨ ਤਾਰਨ*
*20.10.1973*

87, North Cote Ave.
South hall (Middx)
England (U.K.)



ਰੇਖਾਂਕਣ : ਇਮਰੋਜ਼

ਜਿਸ ਕਾਰਵਾਂ 'ਚ ਉਹ ਗਿਆ, ਉਹ ਕਾਰਵਾਂ ਤਾਂ ਕੀ,
ਸਾਨੂੰ ਮਿਲੇ ਨਿਸ਼ਾਨ ਨਾ ਉਸ ਕਾਰਵਾਨ ਦੇ।

ਗ਼ਮ ਵੀ ਖੁਸ਼ੀ ਸਮਾਨ ਹੈ, ਸਾਨੂੰ ਜੋ ਦੇ ਗਿਐ,
ਸ਼ਾਇਦ ਇਹੋ ਹੀ ਕੌਲ ਸੀ ਉਸ ਮਿਹਰਬਾਨ ਦੇ

# ਪ੍ਰਸਤਾਵਨਾ

ਸੁਖਬੀਰ ਸਿੰਘ ਸੰਧੂ ਜਿਸ ਦੀ ਇੱਕੋ ਗ਼ਜ਼ਲ ਨੂੰ ਨੁਸਰਤ ਫ਼ਤਹਿ ਖਾਂ ਸਾਹਿਬ ਸਮੇਤ ਕੁਝ ਹੋਰ ਪਾਕਿਸਤਾਨ ਗਾਇਕਾਂ ਮਰਾਤਬ ਅਲੀ, ਨਸੀਬੋ ਲਾਲ, ਨਜ਼ਾਕਤ ਅਲੀ ਤੇ ਅਕਰਮ ਰਾਹੀ ਆਦਿ ਨੇ ਵੀ ਗਾਇਆ। ਤੁਸੀਂ ਦੱਸੋ? ਉਹ ਗ਼ਜ਼ਲ ਕਿਹੜੀ ਸੀ ਤੇ ਸ਼ਾਇਰ ਕੌਣ ਸੀ?

ਮੈਂ ਦੱਸਦਾ ਹਾਂ। ਉਹ ਗ਼ਜ਼ਲ ਸੀ:

*ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।*
*ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।*

ਜਵਾਨੀ ਚੜ੍ਹਦਿਆਂ ਮੈਂ ਇਹ ਗ਼ਜ਼ਲ ਦਿਲ-ਟੁੱਟੇ ਮੁਹੱਬਤੀਆਂ ਮੂੰਹੋਂ ਤਾਂ ਅਨੇਕ ਵਾਰ ਸੁਣੀ ਪਰ ਬਹੁਤੇ ਬੰਦੇ ਇਸ ਨੂੰ ਸ਼ਿਵ ਕੁਮਾਰ ਬਟਾਲਵੀ ਦੀ ਆਖ ਕੇ ਗਾਉਂਦੇ ਸਨ। ਮੈਨੂੰ ਪੱਕਾ ਪਤਾ ਸੀ ਕਿ ਇਹ ਰਚਨਾ ਸ਼ਿਵ ਕੁਮਾਰ ਜੀ ਦੀ ਨਹੀਂ, ਕਿਉਂਕਿ ਸ਼ਿਵ ਕੁਮਾਰ ਦੀ ਸਿਰਜਣ-ਸ਼ੈਲੀ ਦਾ ਮੈਂ ਵੀ ਭੇਤੀ ਸਾਂ ਪਰ ਮੇਰੇ ਚਾਰ ਵੱਡੇ-ਵਡੇਰੇ ਅਮਰਜੀਤ ਗੁਰਦਾਸਪੁਰੀ, ਗੁਰਚਰਨ ਸਿੰਘ ਬੋਪਾਰਾਏ, ਮੋਹਨ ਕਾਹਲੋਂ ਤੇ ਭੂਸ਼ਨ ਧਿਆਨਪੁਰੀ ਨੇ ਵੀ ਮੈਨੂੰ ਇਹੀ ਦੱਸਿਆ ਸੀ ਕਿ ਇਹ ਸ਼ਿਵ ਕੁਮਾਰ ਦੀ ਰਚਨਾ ਨਹੀਂ। ਪਰ ਇਸ ਗ਼ਜ਼ਲ ਦੇ ਅਸਲੀ ਲੇਖਕ ਬਾਰੇ ਕਿਤਿਓਂ ਵੀ ਸੋਅ ਨਾ ਮਿਲੀ।

ਕਲਕੱਤਾ ਫੇਰੀ ਦੌਰਾਨ ਏਨੀ ਕੁ ਗੱਲ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਜੀ ਨੇ ਦਸ ਪੰਦਰਾਂ ਸਾਲ ਪਹਿਲਾਂ ਮੈਨੂੰ ਜ਼ਰੂਰ ਦੱਸੀ ਸੀ ਕਿ ਇਸ ਗ਼ਜ਼ਲ ਦਾ ਸ਼ਾਇਰ ਸ਼ਾਇਦ ਸੁਖਬੀਰ ਸਿੰਘ ਸੰਧੂ ਹੈ ਜੋ ਕਦੇ ਤਰਨਤਾਰਨ ਰਹਿੰਦਾ ਸੀ।

ਇਸ ਗੱਲ ਦੀ ਪੱਕੀ ਗਵਾਹੀ ਇੰਗਲੈਂਡ ਰਹਿੰਦੀ ਪੰਜਾਬੀ ਕਵਿੱਤਰੀ ਮਨਜੀਤ ਪੱਡਾ ਨੇ ਵੀ ਪਾਈ। ਉਸ ਦੀ ਇੱਕ ਕਿਤਾਬ ਵੀ ਸਾਡੇ ਘਰ ਹੁੰਦੀ ਸੀ, ਜਿਸ ਦਾ ਮੁੱਖ-ਬੰਦ ਸਾਡੇ ਭਾਪਾ ਜੀ ਸ. ਬਿਸ਼ੰਭਰ ਸਿੰਘ 'ਸਾਕੀ' ਜੀ ਨੇ ਲਿਖਿਆ ਸੀ। ਇਸ ਨਾਲ ਸਬੰਧਤ ਉਸ ਇੱਕ ਘਟਨਾ ਵੀ ਦੱਸੀ। ਇੰਗਲੈਂਡ ਵਿੱਚ ਸ਼ਿਵ ਕੁਮਾਰ ਦੀ ਪਹਿਲੀ ਜਾਂ ਦੂਜੀ ਬਰਸੀ ਦਾ ਸਮਾਗਮ ਚੱਲ ਰਿਹਾ ਸੀ। ਕਿਸੇ ਗਾਇਕ ਨੇ ਇਹ ਗ਼ਜ਼ਲ ਸ਼ਿਵ ਕੁਮਾਰ ਦੀ ਕਹਿ ਕੇ ਸੁਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਵੱਡਾ ਵੀਰ ਪ੍ਰਿਤਪਾਲ ਸਿੰਘ ਸਰੋਤਿਆਂ ਵਿੱਚੋਂ ਖੜ੍ਹਾ ਹੋ ਕੇ ਬੋਲਿਆ ਕਿ "ਇਹ ਗ਼ਜ਼ਲ ਸ਼ਿਵ ਦੀ ਨਹੀਂ,

ਸੁਖਬੀਰ ਸਿੰਘ ਸੰਧੂ ਦੀ ਹੈ।'' ਉਸ ਦੇ ਮੂੰਹੋਂ ਅਸੀਂ ਆਪਣੇ ਘਰ ਵਿੱਚ ਹੀ ਕਈ ਵਾਰ ਸੁਣੀ ਹੈ। ਮਨਜੀਤ ਨੇ ਹੀ ਦੱਸਿਆ ਕਿ ਸੁਖਬੀਰ ਸਿੰਘ ਸੰਧੂ ਤੇ ਉਨ੍ਹਾਂ ਦੀ ਜੀਵਨ ਸਾਥਣ ਨਿਰਮਲ ਵੀ ਬਹੁਤ ਸੁਰੀਲਾ ਗਾਉਂਦੇ ਸਨ। ਫ਼ਰਿਜ਼ਨੋ (ਅਮਰੀਕਾ) ਵਿੱਚ ਲੰਮਾ ਸਮਾਂ ਰਹੇ ਪੰਜਾਬੀ ਕਵੀ ਸਵਰਗੀ ਸ. ਪਿਸ਼ੌਰਾ ਸਿੰਘ ਢਿੱਲੋਂ ਉਸਦੇ ਸਾਂਢੂ ਤੇ ਪੰਜਾਬੀ ਲੇਖਕ ਕਰਨਲ ਜਸਬੀਰ ਭੁੱਲਰ ਨਿਰਮਲ ਦੇ ਨਿੱਕੇ ਵੀਰ ਸਨ।

ਮੋਹਨ ਕਾਹਲੋਂ ਜੀ ਨੇ ਹੀ ਮੈਨੂੰ ਦੱਸਿਆ ਸੀ ਕਿ ਸੁਖਬੀਰ ਸਿੰਘ ਸੰਧੂ ਦਾ ਵੱਡਾ ਭਰਾ ਵੀ ਪੰਜਾਬੀ ਨਾਵਲਕਾਰ ਸੀ ਬਲਬੀਰ ਸਿੰਘ ਸੰਧੂ। ਉਹ ਕਦੇ ਜਲੰਧਰ ਰਹਿੰਦਾ ਸੀ। ਉਹ ''ਭਾਰਤ ਸੇਵਕ ਸਮਾਜ'' ਸੰਸਥਾ ਵੱਲੋਂ ਚਲਾਏ ਜਾਂਦੇ ਪੰਚਾਇਤੀ ਰਾਜ ਟ੍ਰੇਨਿੰਗ ਸਕੂਲ ਵਿੱਚ ਪ੍ਰਿੰਸੀਪਲ ਸੀ। ਬਲਬੀਰ ਸਿੰਘ ਸੰਧੂ ਦਾ ਪਹਿਲਾ ਨਾਵਲ ''ਮੌਤ ਦੇ ਸਾਏ ਹੇਠ'' ਸੀ ਤੇ ਦੂਜਾ ''ਧੂੜ ਉੱਡਦੀ ਰਹੀ''। ਉਨ੍ਹਾਂ ਦੇ ਦੂਜੇ ਨਾਵਲ ਨੂੰ ਤਾਂ ਮੈਂ ਵੀ ਚੜ੍ਹਦੀ ਉਮਰੇ ਪੜ੍ਹਿਆ ਵੀ ਸੀ। ਇਹ ਸਮਰੱਥ ਸਮਾਜਿਕ ਨਾਵਲ ਸੀ। ਤਰਨ ਤਾਰਨ ਦੇ ਕਈ ਲਿਖਾਰੀਆਂ ਨੂੰ ਮੈਂ ਵੱਖ ਵੱਖ ਸਮੇਂ ਸੁਖਬੀਰ ਸਿੰਘ ਸੰਧੂ ਬਾਰੇ ਪੁੱਛਿਆ ਪਰ ਕਿਸੇ ਨੇ ਦੱਸ ਨਾ ਪਾਈ। ਬਹੁਤੇ ਉਸ ਦੇ ਨਾਮ ਤੋਂ ਵੀ ਵਾਕਫ਼ ਨਹੀਂ ਸਨ।

ਅਚਨਚੇਤ ਮੋਹਾਲੀ ਵੱਸਦੇ ਵੱਡੇ ਪੰਜਾਬੀ ਲੇਖਕ ਕਰਨਲ ਜਸਬੀਰ ਭੁੱਲਰ ਨਾਲ ਕੁਝ ਸਮਾਂ ਪਹਿਲਾਂ ਗੱਲ ਹੋਈ ਤਾਂ ਉਨ੍ਹਾਂ ਦੱਸਿਆ ਕਿ ਮੈਂ ਵੀ ਭਾਰਤੀ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਬਣਨ ਤੋਂ ਪਹਿਲਾਂ ਜਲੰਧਰ ਦੇ ਪੰਚਾਇਤੀ ਰਾਜ ਟ੍ਰੇਨਿੰਗ ਸਕੂਲ ਵਿੱਚ ਪੜ੍ਹਾਉਂਦਾ ਸਾਂ। ਬਲਬੀਰ ਸਿੰਘ ਸੰਧੂ ਸਾਡਾ ਪ੍ਰਿੰਸੀਪਲ ਸੀ। ਉਸ ਦਾ ਨਿੱਕਾ ਵੀਰ ਸੁਖਬੀਰ ਸਿੰਘ ਸੰਧੂ ਮੇਰਾ ਬੇਹੱਦ ਨੇੜਲਾ ਰਿਸ਼ਤੇਦਾਰ ਸੀ। ਉਸ ਦੀਆਂ ਗ਼ਜ਼ਲਾਂ ਦੀ ਇੱਕ ਕਿਤਾਬ ਵੀ ਛਪੀ ਸੀ **''ਪਾਇਲ''** ਦੇ ਨਾਮ ਹੇਠ। ਬਹੁਤ ਉਮਦਾ ਗ਼ਜ਼ਲਾਂ ਨੇ। ਮੇਰੇ ਕੋਲ ਇਸ ਦੀ ਇਕ ਕਾਪੀ ਕਿਤੇ ਸੰਭਾਲੀ ਪਈ ਹੈ। ਲੱਭ ਕੇ ਬਾਕੀ ਜਾਣਕਾਰੀ ਦੇ ਸਕਾਂਗਾ, ਉਸ ਕਿਹਾ।

ਇੱਕ ਦਿਨ ਮੇਰੇ ਉਤਸ਼ਾਹੀ ਮਿੱਤਰ ਇਮਰੋਜ਼ ਸਿੰਘ ਮਾਨ ਦਾ ਫ਼ੋਨ ਆਇਆ ਕਿ ''ਰੇਖਤਾ ਫਾਉਂਡੇਸ਼ਨ'' ਲਈ ਕੁਝ ਮਹੱਤਵ ਪੂਰਨ ਕਵੀ ਮੈਨੂੰ ਦੱਸੋ ਜੋ ਸੰਭਾਲ਼ੇ ਜਾ ਸਕਣ। ਮੈਂ ਸੁਖਬੀਰ ਸਿੰਘ ਸੰਧੂ ਦੀ ਦੱਸ ਪਾਈ ਤੇ ਕਰਨਲ ਜਸਬੀਰ ਭੁੱਲਰ ਨਾਲ ਸੰਪਰਕ ਕਰਕੇ ਇਹ ਕਿਤਾਬ ਹਾਸਲ ਕਰਨ ਲਈ ਕਿਹਾ। ਇਮਰੋਜ਼ ਸਿੰਘ ਮਾਨ ਨੇ ਉਹ ਕਿਤਾਬ ਭੁੱਲਰ ਜੀ ਤੋਂ ਹਾਸਲ ਕਰਕੇ ਉਸ ਦੀ ਪੀ.ਡੀ.ਐੱਫ਼ ਕਾਪੀ ਮੈਨੂੰ ਭੇਜੀ ਤਾਂ ਪਤਾ ਲੱਗਾ ਕਿ ਸੱਚ ਮੁੱਚ ਹੀ ਕਮਾਲ ਦੀਆਂ ਗ਼ਜ਼ਲਾਂ ਹਨ।

ਸੁਖਬੀਰ ਸਿੰਘ ਸੰਧੂ ਨੇ ਐਮ.ਏ. (ਅੰਗ੍ਰੇਜ਼ੀ) ਬੀ.ਟੀ. ਪਾਸ ਕਰਕੇ ਪਹਿਲਾਂ ਕੁਝ

ਸਮਾਂ ਕਲਰਕੀ, ਫਿਰ ਅਧਿਆਪਨ ਤੇ ਮਗਰੋਂ ਲੋਕ ਸੰਪਰਕ ਵਿਭਾਗ ਦੇ ਕਪੂਰਥਲਾ ਦਫ਼ਤਰ ਵਿਚ ਡਰਾਮਾ ਇੰਸਪੈਕਟਰ ਵਜੋਂ ਨੌਕਰੀ ਕੀਤੀ। ਫਿਰ ਉਹ ਇੰਗਲੈਂਡ ਚਲਾ ਗਿਆ ਜਿੱਥੇ ਉਸਨੂੰ ਕਈ ਸਾਲ ਸਪਰੇਅ ਪੇਂਟਰ ਵਰਗੇ ਮੁਸ਼ੱਕਤੀ ਕਿੱਤੇ ਕਰਨੇ ਪਏ। ਲੰਮਾ ਸਮਾਂ ਉਥੇ ਰਹਿ ਕੇ ਉਸ ਭਾਰਤ ਪਰਤ ਤਰਨਤਾਰਨ ਵਿਚ ਅੰਮ੍ਰਿਤਸਰ ਵੱਲ ਜਾਂਦੇ ਰਾਹ ਤੇ "ਪਾਇਲ ਹੋਟਲ ਐਂਡ ਰੈਸਟੋਰੈਂਟ" ਖੋਲ੍ਹਿਆ।

ਇੰਗਲੈਂਡ ਵਿਚ ਰਹਿੰਦਿਆਂ ਪੰਜਾਬੀ ਸਾਹਿਤਕਾਰਾਂ ਨੇ ਉਸਨੂੰ "ਪੰਜਾਬੀ ਸਾਹਿਤ ਸਭਾ" ਲੰਡਨ, ਯੂ:ਕੇ, ਦਾ ਜਨਰਲ ਸਕੱਤਰ ਬਨਣ ਦੀ ਸੇਵਾ ਵੀ ਬਖਸ਼ੀ।

ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ ਯਾਤਰਾ 'ਪਾਇਲ' ਤੱਕ ਕੇਵਲ 20 ਸਾਲ ਲੰਮੀ ਸੀ ਪਰ ਉਸ ਦੀਆਂ ਗ਼ਜ਼ਲਾਂ ਦੀ ਬੁੱਕਲ਼ ਬਹੁਤ ਖੁੱਲ੍ਹੀ ਹੈ। ਉਹ ਹਰ ਵਿਸ਼ੇ ਨੂੰ ਆਪਣੇ ਸ਼ਬਦਾਂ ਵਿੱਚ ਏਨਾ ਸੋਹਣਾ ਲਪੇਟਦਾ ਤੇ ਸਮੇਟਦਾ ਹੈ ਕਿ ਪਾਠਕ ਤੇ ਸਰੋਤੇ ਅਸ਼ ਅਸ਼ ਕਰ ਉੱਠਦੇ। ਉਸ ਦੇ ਬੋਲਾਂ ਵਿੱਚ ਸੁਬਕ-ਸਾਦਗੀ ਤੇ ਸੁਹਜ-ਤਰਲਤਾ ਹੈ। ਉਸ ਦੇ ਬੋਲਾਂ ਵਿਚਲੀ ਵੰਗਾਰ ਵੀ ਸੁੰਦਰ ਸਰੂਪ ਹੈ।

*ਜਾਗੋ ਕਿ ਸਮਾਂ, ਉੱਜਲੇ ਸੰਗ੍ਰਾਮ ਦਾ ਆਇਆ ਹੈ।*
*ਰਾਹਾਂ ਨੂੰ ਲਿਤਾੜੋ ਕਿ ਮੰਜ਼ਲ ਨੇ ਬੁਲਾਇਆ ਹੈ।*

•

***ਧਰਤੀ ਦਿਆਂ ਜਾਇਆਂ ਲਈ, ਮੁਸ਼ਕਿਲ ਵੀ ਭਲਾ ਕੀ ਏ,***
***ਬਲਵਾਨ ਦਿਲਾਂ ਨੇ ਤਾਂ ਅਸਮਾਨ ਝੁਕਾਇਆ ਹੈ।***

ਉਸ ਦੇ ਬੋਲਾਂ ਵਿਚਲੀ ਤਲਖ਼ੀ ਵੀ ਸਲੀਕੇ ਵਾਲੀ ਸੀ। ਇਹ ਗੱਲ ਸੁਖਬੀਰ ਸਿੰਘ ਸੰਧੂ ਦੇ ਕਲਾਮ ਤੋਂ ਸਿੱਖਣ ਵਾਲੀ ਹੈ ਕਿ ਸ਼ਾਇਰੀ ਬੜਬੋਲੀ ਨਾ ਹੋਵੇ।

*ਹੁਣ ਦੱਬ ਕੇ ਨਹੀਂ ਰਹਿਣੇ, ਬੋਲ ਜ਼ਮੀਰਾਂ ਦੇ।*
*ਲਾਹ ਸੁੱਟੇ ਕੋਈ ਭਾਵੇਂ ਪੋਸ਼ ਸਰੀਰਾਂ ਦੇ।*

•

*ਅੱਜ ਦਿਲ ਆਖੇ "ਛੱਡ ਚੰਦਨ ਦੀ ਗੇਲੀ ਨੂੰ,*
*ਭਰ ਲੈ ਵਿੱਚ ਕਲ਼ਾਵੇ, ਖੁੰਘ ਕਰੀਰਾਂ ਦੇ।"*

•

ਸੁਖਬੀਰ ਸਿੰਘ ਸੰਧੂ ਭਾਵੇਂ ਸਾਰੀ ਉਮਰ ਕਿਸੇ ਫਰੇਮ ਵਿੱਚ ਨਾ ਬੱਝ ਸਕਿਆ ਕਿਉਂਕਿ ਉਸ ਦੀ ਸੰਵੇਦਨਾ ਜਾਣਦੀ ਸੀ ਕਿ ਅਸਲ ਅਰਥਾਂ ਵਿੱਚ ਜ਼ਿੰਦਗੀ ਕੀ ਹੈ? ਉਹ ਜੀਵਨ ਫ਼ਲਸਫ਼ੇ ਨੂੰ ਸੂਤਰ ਬੱਧ ਕਰਦਿਆਂ ਲਿਖਦਾ ਹੈ ਕਿ

*ਪਾਈ ਅਸਲ 'ਚ ਓਸ ਹੀ ਇਨਸਾਨ ਜ਼ਿੰਦਗੀ।*
*ਸਮਝੀ ਹੈ ਜਿਸ ਨੇ ਆਪਣਾ ਈਮਾਨ ਜ਼ਿੰਦਗੀ।*

●

*ਦੁੱਖ ਸੁਖ, ਖ਼ੁਸ਼ੀ ਗ਼ਮੀ ਦੀ ਹੈ ਧੁੱਪ ਛਾਂ ਜਿਹੀ ਇਹ ਖੇਡ,*
*ਹੰਝੂ ਕਦੀ ਤੇ ਹੈ ਕਦੀ ਮੁਸਕਾਨ ਜ਼ਿੰਦਗੀ।*

ਸਮੇਂ ਦੀ ਬਦਲਦੀ ਕਰਵਟ ਦਾ ਵੀ ਉਹ ਆਪਣੇ ਸ਼ਬਦਾਂ ਵਿੱਚ ਪ੍ਰਗਟਾਵਾ ਕਰਦਿਆਂ ਲਿਖਦਾ ਹੈ ਕਿ

*ਦੱਸਦਾ ਹੈ ਹਰ ਨਜ਼ਾਰਾ, ਕਰਵਟ ਬਦਲ ਬਦਲ ਕੇ।*
*ਕੋਈ ਇਨਕਲਾਬ ਆਉਣਾ, ਹੈ ਅੱਜ ਨਹੀਂ ਤਾਂ ਭਲ਼ਕੇ।*

●

*ਧਰਤੀ ਨਾ ਸਹਿ ਸਕੇਗੀ, ਹੁਣ ਭਾਰ ਕੈਦੀਆਂ ਦਾ,*
*ਦਿਲ ਮਿਲਣਗੇ ਹਮੇਸ਼ਾਂ, ਹੁਣ ਤਾਂ ਮਚਲ ਮਚਲ ਕੇ।*

ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ ਵਿੱਚ ਜੰਗ ਦੇ ਵਿਰੋਧ ਦਾ ਅੰਦਾਜ਼ ਵੀ ਬੜਾ ਨਿਵੇਕਲਾ ਹੈ। ਉਹ ਨਾਅਰਾ ਨਹੀ ਲਾਉਂਦਾ, ਮਲਕੜੇ ਹੀ ਆਪਣੀ ਬਾਤ ਨੂੰ ਹੁੰਗਾਰਿਆਂ ਹਵਾਲੇ ਕਰ ਦਿੰਦਾ ਹੈ।

*ਮਾਂ ਧਰਤੀ ਦੀ ਹਿੱਕ ਤੇ ਕਿਧਰੇ, ਬੰਬਾਂ ਦੀ ਬਰਸਾਤ ਹੈ ਹੋਈ।*
*ਖ਼ੂਨ ਮਨੁੱਖਤਾ ਦਾ ਕਿਤੇ ਹੋਇਆ, ਰੱਤ ਕਿਤੇ ਇਨਸਾਨ ਦੀ ਚੋਈ।*

ਸੁਖਬੀਰ ਸਿੰਘ ਸੰਧੂ ਦੀ ਮੰਜ਼ਰ-ਕਸ਼ੀ ਕਮਾਲ ਹੈ। ਦ੍ਰਿਸ਼ ਬੰਨ੍ਹ ਕੇ ਤੁਹਾਨੂੰ ਗ਼ਜ਼ਲ ਪੜ੍ਹਨ ਲਈ ਨਹੀਂ, ਵੇਖਣ ਲਈ ਮਜਬੂਰ ਕਰਦਾ ਹੈ। ਸ਼ਾਬਦਿਕ ਚਿਤਰ-ਕਥਾ ਵੇਖਣ ਲਈ ਇਹ ਦੋ ਸ਼ਿਅਰ ਪੜ੍ਹੋ।

*ਜਾਪਦਾ ਉਸ ਦੀ ਗਲ਼ੀ 'ਚੋਂ ਲੰਘ ਸਕੂੰ ਕੁਝ ਇਸ ਤਰ੍ਹਾਂ,*
*ਦੋ ਕਦਮ ਚੱਲਾਂਗਾ ਤੇ, ਮੁੜ ਕੇ ਠਹਿਰ ਜਾਵਾਂਗਾ ਮੈਂ।*

●

*ਲੋਕ ਵੇਖਣਗੇ ਤਮਾਸ਼ਾ, ਜੋ ਕਦੇ ਨਾ ਵੇਖਿਆ,*
*ਲਾਸ਼ ਆਪਣੀ ਹੀ ਉਠਾ ਕੇ, ਜਦ ਗੁਜ਼ਰ ਜਾਵਾਂਗਾ ਮੈਂ।*

ਸੁਖਬੀਰ ਸਿੰਘ ਸੰਧੂ ਇੰਗਲੈਂਡ ਤਾਂ ਚਲਾ ਗਿਆ ਪਰ ਉੱਥੋਂ ਦੀ ਆਬੋ ਹਵਾ, ਵਿਹਾਰ ਤੇ ਕਿਰਦਾਰ ਨੂੰ ਉਹ ਆਪਣੇ ਅੰਦਰ ਨਾ ਸਮੋ ਸਕਿਆ। ਸ਼ਾਇਦ ਇਸ ਦਰਦ ਨੂੰ ਉਸ ਨੇ ਇੰਜ ਸ਼ਬਦਾਂ ਵਿੱਚ ਢਾਲ਼ਿਆ।

*ਪੱਛਮ ਦੀਆਂ ਹਵਾਵਾਂ, ਸਾਨੂੰ ਨਾ ਰਾਸ ਆਈਆਂ।*
*ਆਪਣਾ ਬਣਾ ਕੇ ਵੀ ਜੋ, ਖ਼ੁਦ ਰਹਿੰਦੀਆਂ ਪਰਾਈਆਂ।*

ਸੁਖਬੀਰ ਸਿੰਘ ਸੰਧੂ ਦਾ ਬਤੌਰ ਸ਼ਾਇਰ ਕਿਤੇ ਵੀ ਜ਼ਿਕਰ ਨਾ ਮਿਲਣਾ ਦੱਸਦਾ ਹੈ ਕਿ ਅਸੀਂ ਕਿੰਨੇ ਅਲਗਰਜ਼ ਲੋਕ ਹਾਂ। ਹੁਣ ਸੁਖਬੀਰ ਸਿੰਘ ਸੰਧੂ ਦੀ ਸ਼ਾਇਰੀ ਪੜ੍ਹਦਿਆਂ ਆਪਣੇ ਵਡੇਰਿਆਂ ਤੇ ਰੰਜ ਆਉਂਦਾ ਹੈ ਕਿ ਕਿੰਨੇ ਸਮਰਥਾਵਾਨ ਸਿਰਜਕ ਸਾਡੀ ਲਾਪਰਵਾਹੀ ਨੇ ਰੋਲ਼ ਕੇ ਮਾਰ ਦਿੱਤੇ। ਧਰਮ ਨਾਲੋਂ ਧੜਾ ਪਿਆਰਾ ਕਰਨ ਦਾ ਇਹੀ ਨਤੀਜਾ ਨਿਕਲਦਾ ਹੈ। ਉਰਦੂ ਕਵੀ ਮੁਜੱਫਰ ਰਜਮੀ ਦੇ ਲਿਖਣ ਮੁਤਾਬਕ:

*ਯੇ ਜਬਰ ਭੀ ਦੇਖਾ ਹੈ, ਤਾਰੀਖ਼ ਕੀ ਨਜ਼ਰੋਂ ਨੇ,*
*ਲਮਹੋਂ ਨੇ ਖ਼ਤਾ ਕੀ ਥੀ, ਸਦੀਉਂ ਨੇ ਸਜ਼ਾ ਪਾਈ।*

ਸੁਖਬੀਰ ਸਿੰਘ ਸੰਧੂ ਲੰਮੀ ਬੀਮਾਰੀ ਉਪਰੰਤ 5 ਜੂਨ 1986 ਵਿਚ ਤਰਨ ਤਾਰਨ ਵਿਖੇ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ। ਉਸ ਨੂੰ ਤੋਰਨ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਸੀ।

ਸੁਖਬੀਰ ਸਿੰਘ ਸੰਧੂ ਦੀ ਜੀਵਨ ਸਾਥਣ ਨਿਰਮਲ ਕੌਰ, ਇਕਲੌਤਾ ਪੁੱਤਰ ਸੁਖਮੰਦਰ ਸਿੰਘ ਤੇ ਇੱਕ ਧੀ ਸੁਖਦੇਵਿੰਦਰ ਕੌਰ ਵੀ ਸੁਰਗਵਾਸ ਹੋ ਚੁੱਕੇ ਹਨ। ਚਾਰ ਧੀਆਂ ਵਿੱਚੋਂ ਇਸ ਵੇਲੇ ਜਯੋਤੀ ਸੰਧੂ ਕੈਨੇਡਾ ਤੇ ਸੁਖਬਰਿੰਦਰ ਸੰਧੂ, ਰਾਮਿੰਦਰ ਸਾਂਘਾ ਤੇ ਭੁਪਿੰਦਰ ਹੀਰ ਯੂ.ਕੇ. ਵਿਚ ਰਹਿੰਦੀਆਂ ਹਨ। ਮੈਂ ਜਸਬੀਰ ਭੁੱਲਰ ਤੇ ਸੰਧੂ ਪਰਿਵਾਰ ਦਾ ਧੰਨਵਾਦ ਜਿੰਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਲਈ ਭਰਪੂਰ ਸਹਿਯੋਗ ਦਿੱਤਾ। ਉਨ੍ਹਾਂ ਸੱਜਣ ਪਿਆਰਿਆਂ ਦਾ ਵੀ ਸ਼ੁਕਰਾਨਾ ਜਿੰਨ੍ਹਾਂ ਨੇ ਸੁਖਬੀਰ ਸਿੰਘ ਸੰਧੂ ਦੇ ਕਲਾਮ ਬਾਰੇ ਲਿਖ ਭੇਜਿਆ। ਉਹ ਸਾਰਾ ਕੁਝ ਇਸ ਪੁਸਤਕ ਦੀ ਅੰਤਿਕਾ ਵਿੱਚ ਪਰੋਇਆ ਗਿਆ ਹੈ।

ਸੁਖਬੀਰ ਸਿੰਘ ਸੰਧੂ ਦੀ ਇਹ ਲਿਖਤ **"ਪਾਇਲ"** ਸ਼ਾਇਦ ਏਨੀ ਜਲਦੀ ਪੁਨਰ ਪ੍ਰਕਾਸ਼ਿਤ ਨਾ ਹੋ ਸਕਦੀ ਜੇਕਰ ਇਮਰੋਜ਼ ਸਿੰਘ ਮਾਨ, ਜਸਬੀਰ ਭੁੱਲਰ, ਡਾ. ਆਤਮਜੀਤ, ਡਾ. ਸ.ਪ. ਸਿੰਘ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਗੁਰਬੀਰ ਸਿੰਘ

ਬਰਾੜ, ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ, ਡਾ. ਸਤਨਾਮ ਸਿੰਘ ਨਿੱਝਰ ਬਟਾਲਾ, ਮੇਰੇ ਵੱਡੇ ਭਾ ਜੀ ਪ੍ਰੋ. ਸੁਖਵੰਤ ਸਿੰਘ ਗਿੱਲ, ਹਰਜਿੰਦਰ ਕੰਗ, ਡਾ. ਕੁਲਵਿੰਦਰ ਬਾਠ, ਆਤਮ ਯਾਦ, ਡਾ. ਨਰੇਸ਼ ਕੁਮਾਰ, ਡਾ. ਪਰਮਜੀਤ ਕੌਰ ਸਿੱਧੂ, ਡਾ. ਹਰਿੰਦਰ ਕੌਰ ਸੋਹਲ, ਤ੍ਰੈਲੋਚਨ ਲੋਚੀ, ਬੂਟਾ ਸਿੰਘ ਚੌਹਾਨ, ਸ, ਕਰਮਜੀਤ ਸਿੰਘ ਗਠਵਾਲਾ ਸੰਚਾਲਕ ਪੰਜਾਬੀ ਕਵਿਤਾ ਡਾਟ ਕਾਮ, ਮਨਜਿੰਦਰ ਧਨੋਆ, ਰਾਜਵੰਤ ਕੌਰ ਨਾਮਧਾਰੀ, ਸੁਖਵਿੰਦਰ ਸਿੰਘ ਲਾਇਲ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਸ਼ੀਲ ਦੋਸਾਂਝ, ਦਰਸ਼ਨ ਬੁੱਟਰ, ਡਾ. ਦਰਸ਼ਨ ਸਿੰਘ ਆਸ਼ਟ, ਗਗਨਦੀਪ ਸਿੰਘ ਵਿਰਕ, ਸਿਫ਼ਰ ਸਤਬੀਰ ਸਿੰਘ, ਮਨਿੰਦਰ ਗਿੱਲ, ਬਲਜੀਤ ਸਿੰਘ ਸਿੱਧੂ ਸਮੇਤ ਸਭ ਦੋਸਤਾਂ ਦਾ ਸਿਰਜਣਾਤਮਕ ਤੇ ਉਤਸ਼ਾਹੀ ਪਰ ਸਿਹਤਮੰਦ ਹੁੰਗਾਰਾ ਨਾ ਮਿਲਦਾ।

ਇਸ ਸੰਸਕਰਣ ਦੇ ਪ੍ਰਕਾਸ਼ਨ ਤੋਂ ਪਹਿਲਾਂ ਹੀ ਸਾਹਿੱਤਕ ਮੈਗਜ਼ੀਨ ਸੁਰਤਿ, ਹੁਣ, ਵਰਿਆਮ, ਚਰਚਾ, ਪੰਜਾਬ ਟਾਈਮਜ਼ ਸ਼ਿਕਾਗੋ (ਅਮਰੀਕਾ), ਵੈੱਬਸਾਈਟ ਪੰਜਾਬੀ ਕਵਿਤਾ ਡਾਟ ਕਾਮ ਅਤੇ ਰੋਜ਼ਾਨਾ ਅਖ਼ਬਾਰ ਜੁਝਾਰ ਟਾਈਮਜ਼ ਲੁਧਿਆਣਾ ਨੇ ਇਸ ਸਬੰਧੀ ਲੇਖ ਛਾਪੇ।

ਮੈਂ ਇਸ ਦੇ ਖ਼ੂਬਸੂਰਤ ਪ੍ਰਕਾਸ਼ਨ ਲਈ ਪ੍ਰਿੰਟਵੈੱਲ ਅੰਮ੍ਰਿਤਸਰ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ। ਇਸ ਵਿੱਚ ਖ਼ੂਬਸੂਰਤੀ ਵਧਾਉਣ ਲਈ ਸਵਰਗੀ ਇਮਰੋਜ਼ ਜੀ ਦੀ ਅੱਖਰਕਾਰੀ ਤੇ ਕੁਝ ਰੇਖਾਂਕਣ ਵਰਤੇ ਗਏ ਹਨ। ਟਾਈਟਲ ਸ਼ਿੰਗਾਰ ਲਈ ਪ੍ਰਿੰਟਵੈੱਲ ਕਰਮਚਾਰੀ ਸੰਜੇ ਵਰਮਾ ਤੇ ਅੱਖਰ ਬੀੜਨ ਲਈ ਹਰਪਾਲ ਸਿੰਘ ਜੀ ਦਾ ਸ਼ੁਕਰੀਆ।

ਸੁਖਬੀਰ ਸਿੰਘ ਸੰਧੂ ਦੀ ਇਸ ਕਿਤਾਬ ਦਾ ਪੂਰੇ 53 ਸਾਲ ਬਾਅਦ ਪੁਨਰ ਪ੍ਰਕਾਸ਼ਨ ਕਰਦਿਆਂ ਮੈਨੂੰ ਅਥਾਹ ਪ੍ਰਸੰਨਤਾ ਹੋ ਰਹੀ ਹੈ।

ਆਸ ਹੈ ਕਿ ਪੰਜਾਬੀ ਪਿਆਰੇ ਇਸ ਸੰਸਕਰਣ ਦਾ ਭਰਪੂਰ ਸੁਆਗਤ ਭਰਨਗੇ।

**ਗੁਰਭਜਨ ਸਿੰਘ ਗਿੱਲ (ਪ੍ਰੋ:)**
ਚੇਅਰਮੈਨ,
ਪੰਜਾਬੀ ਲੋਕ ਵਿਰਾਸਤ ਅਕਾਡਮੀ
ਲੁਧਿਆਣਾ

# ਇਹ ਭੂਮਿਕਾ ਨਹੀਂ ਹੈ

ਪੰਜਾਹ ਤੋਂ ਵੱਧ ਸਾਲਾਂ ਬਾਦ ਗੁਰਭਜਨ ਗਿੱਲ ਨੇ ਸੁਖਬੀਰ ਸਿੰਘ ਸੰਧੂ ਦੀ ਕਿਤਾਬ 'ਪਾਇਲ' ਦੀ ਆਵਾਜ਼ ਨੂੰ ਦੋਬਾਰਾ ਸੁਣਾ ਕੇ ਭਲਾ ਕੰਮ ਕੀਤਾ ਹੈ। ਪੰਜਾਬੀ ਸਾਹਿਤ ਉਸ ਦਾ ਰਿਣੀ ਰਹੇਗਾ। ਮੈਨੂੰ ਇਸ ਕਿਤਾਬ ਨੇ ਤਿੰਨ ਕਾਰਨਾਂ ਕਰਕੇ ਆਪਣੇ ਵੱਲ ਖਿੱਚਿਆ ਹੈ। ਪਹਿਲਾ, ਇਸਦਾ ਕਰਤਾ ਸੁਖਬੀਰ ਸਿੰਘ ਸੰਧੂ ਜਸਬੀਰ ਭੁੱਲਰ ਦਾ ਬਹੁਤ ਨੇੜਲਾ ਰਿਸ਼ਤੇਦਾਰ ਹੋਣ ਕਾਰਨ ਉਸ ਨਾਲ ਮੇਰਾ ਵੀ ਨਾਤਾ ਹੈ। ਦੂਜਾ ਕਾਰਨ, ਇਸ ਕਿਤਾਬ ਦਾ ਨਾਂ '**ਪਾਇਲ**' ਹੈ। ਉਸਨੇ ਪਾਇਲ ਨੂੰ ਪਾਜ਼ੇਬ ਜਾਂ ਝਾਂਜਰ ਕਿਉਂ ਨਹੀਂ ਕਿਹਾ? ਉਸਦੀ ਕਿਸੇ ਗ਼ਜ਼ਲ ਵਿਚ ਮੈਂ ਪਾਇਲ ਸ਼ਬਦ ਨਹੀਂ ਪੜ੍ਹਿਆ ਹਾਲਾਂਕਿ ਇਕ ਗ਼ਜ਼ਲ ਵਿਚ 'ਝਾਂਜਰ' ਦੀ ਵਰਤੋਂ ਹੋਈ ਹੈ। ਉਹ ਲਿਖਦਾ ਹੈ:

*"ਗੱਲ ਇਤਫ਼ਾਕ ਦੀ ਹੈ, ਦੋਸ਼ ਨਾ ਉਸਦਾ ਨਾ ਮੇਰਾ ਹੈ,*
*ਨਾ ਝਾਂਜਰ ਛਣਕਦੀ ਉਸਦੀ, ਨਾ ਨੀਅਤ ਬਦਲਦੀ ਮੇਰੀ"।*

ਭਾਵੇਂ ਪਾਇਲ ਅਤੇ ਝਾਂਜਰ ਵਿਚ ਕੁਝ ਅੰਤਰ ਵੀ ਹੁੰਦਾ ਹੈ ਪਰ ਇਸ ਕਿਤਾਬ ਦੇ ਪ੍ਰਸੰਗ ਵਿਚ ਉਹ ਅਰਥਹੀਣ ਹੈ ਕਿਉਂਕਿ ਉਸਨੇ ਪੁਸਤਕ ਦੇ ਨਾਂ ਨੂੰ ਆਪਣੀਆਂ ਗ਼ਜ਼ਲਾਂ ਨਾਲ ਕਿਸੇ ਵੀ ਤਰੀਕੇ ਨਾਲ ਜੋੜਨ ਦੀ ਕੋਈ ਸੁਚੇਤ ਕੋਸ਼ਿਸ਼ ਨਹੀਂ ਕੀਤੀ। ਇਹ ਪੁਸਤਕ ਦਾ ਸੁਤੰਤਰ ਨਾਮ ਹੈ। ਉਂਜ 'ਝਾਂਜਰ' ਸ਼ਬਦ ਨੂੰ ਪੰਜਾਬ ਨੇ ਬਹੁਤ ਪਿਆਰ ਦਿੱਤਾ ਹੈ। ਸ਼ਿਵ ਕੁਮਾਰ ਦਾ ਗੀਤ ਹੈ,

*"ਮੇਰੀ ਝਾਂਜਰ ਤੇਰਾ ਨਾਂ ਲੈਂਦੀ,*
*ਕਰੇ ਛੰਨ ਛੰਨ ਛੰਨ।"*

ਨੰਦ ਲਾਲ ਨੂਰਪੁਰੀ ਤਾਂ ਸਾਡੇ ਸਾਰਿਆਂ ਦੇ ਚੇਤਿਆਂ ਵਿਚ ਵੱਸਦਾ ਹੈ:

*"ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ।*
*ਗਲ਼ੀਆਂ ਦੇ ਵਿੱਚ ਡੰਡ ਪਾਉਂਦੀਆਂ ਗਈਆਂ।"*

ਪਰ ਸੁਖਬੀਰ ਸਿੰਘ ਸੰਧੂ ਦੀ ਕਿਤਾਬ ਦਾ ਨਾਂ ਹੀ '**ਪਾਇਲ**' ਨਹੀਂ, ਸਗੋਂ ਉਸ ਨੇ ਪੁਸਤਕ ਦਾ ਪ੍ਰਥਮ ਪ੍ਰਕਾਸ਼ਨ ਵੀ 'ਪਾਇਲ ਪਬਲਿਸ਼ਰਜ਼' ਦੇ ਨਾਂ ਹੇਠ

ਆਪ ਹੀ ਕੀਤਾ ਹੈ। ਮੇਰੀ ਸੋਚ ਨੇ ਇਸ ਨਾਂ ਦਾ ਪਿੱਛਾ ਇਸ ਲਈ ਵੀ ਕੀਤਾ ਹੈ ਕਿਉਂਕਿ ਇੰਗਲੈਂਡ ਤੋਂ ਪਰਤ ਕੇ ਤਰਨ ਤਾਰਨ ਵਿਚ ਉਸਨੇ ਜਿਹੜਾ ਰੈਸਟੋਰੈਂਟ ਅਤੇ ਹੋਟਲ ਖੋਲ੍ਹਿਆ ਸੀ ਉਸਦਾ ਨਾਂ ਵੀ **'ਪਾਇਲ'** ਹੀ ਸੀ। ਇੰਜ ਜਾਪਦਾ ਹੈ ਜਿਵੇਂ ਕਿਸੇ **ਪਾਇਲ** ਨਾਂ ਦੀ ਲੜਕੀ ਦੇ ਵਿਛੋੜੇ ਵਿਚ ਉਸਨੇ ਸਾਰਾ ਕਲਾਮ ਕਿਹਾ ਹੈ। ਪਰ ਮੈਂ ਜਿਸ ਗੱਲ ਨੂੰ ਉਘਾੜਨ ਵਾਸਤੇ ਇਹ ਕਹਾਣੀ ਪਾਈ ਹੈ ਉਹ ਹੈ ਕਿ ਸੁਖਬੀਰ ਸਿੰਘ ਸੰਧੂ ਆਪਣੇ ਪਿਆਰ ਦੀ ਪੂਰਨ ਅਸਫ਼ਲਤਾ ਦੇ ਬਾਵਜੂਦ ਉਸ ਵਾਸਤੇ ਪੂਰੀ ਸ਼ਿੱਦਤ ਨਾਲ ਸਮਰਪਿਤ, ਸੁਹਿਰਦ, ਸੰਤੁਸ਼ਟ ਅਤੇ ਸ਼ਿਕਵੇ-ਸ਼ਿਕਾਇਤਾਂ ਤੋਂ ਬਹੁਤ ਉਤਾਂਹ ਵਿਚਰਨ ਵਾਲਾ ਕਵੀ ਹੈ।

ਇੱਥੋਂ ਉੱਭਰਦਾ ਹੈ ਉਹ ਤੀਸਰਾ ਕਾਰਨ ਜਿਹੜਾ ਮੈਨੂੰ ਸੁਖਬੀਰ ਸਿੰਘ ਸੰਧੂ ਦੇ ਕਲਾਮ ਨਾਲ ਸਭ ਤੋਂ ਜ਼ਿਆਦਾ ਜੋੜਦਾ ਹੈ ਤੇ ਉਹ ਹੈ ਉਸਦੇ ਬਿਰਹਾ-ਸੰਸਾਰ ਦਾ ਆਪਣੇ ਸਮਕਾਲੀ ਸ਼ਾਇਰ ਸ਼ਿਵ ਕੁਮਾਰ ਦੇ ਬਿਰਹਾ-ਜਗਤ ਨਾਲੋਂ ਬਹੁਤ ਵੱਡਾ ਅੰਤਰ। ਇਹ ਦੋਵੇਂ ਬਿਰਹਾ ਦੇ ਕਵੀ ਹਨ, ਸਮਕਾਲੀ ਸਨ, ਇਸ਼ਕ ਵਿਚ ਹਾਰੇ ਹੋਏ ਸਨ, ਦਾਰੂ ਉੱਪਰ ਟੇਕ ਰੱਖਦੇ ਸਨ ਅਤੇ ਮਾਝੇ ਦੀ ਧਰਤੀ ਦੇ ਨਾਲ ਸੰਬੰਧਿਤ ਸਨ। ਪਰ ਸ਼ਿਵ ਆਪਣੇ ਆਪ ਨੂੰ ਇਸ਼ਕ ਦੀਆਂ ਬਰਬਾਦੀਆਂ ਦਾ ਸਿਖ਼ਰ ਕਹਿੰਦਾ ਹੈ, ਅਧੂਰੇ ਗੀਤ ਦੀ ਸਤਰ ਅਤੇ ਬੁਝਿਆ ਹੋਇਆ ਚਿਰਾਗ਼ ਮੰਨਦਾ ਹੈ। ਉਸ ਅਨੁਸਾਰ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਇਲਾਜ ਮੌਤ ਹੈ; ਇਸੇ ਲਈ ਉਸਦੀ ਰਚਨਾ ਵਿਚ ਮੌਤ ਦੇ ਬਿੰਬ ਬਾਰ-ਬਾਰ ਉੱਭਰਦੇ ਹਨ। ਉਹ ਮੌਤ ਨੂੰ ਆਵਾਜ਼ਾਂ ਮਾਰਦਾ ਵੀ ਦਿਸਦਾ ਹੈ। ਉਹ ਆਪਣੀ ਕਿਸਮਤ ਅਤੇ ਸਮਾਜ ਨੂੰ ਆਪਣੇ ਦੁਸ਼ਮਣ ਮੰਨਦਾ ਹੈ। ਇਵੇਂ ਉਹ ਆਪਣੇ ਆਪ ਨੂੰ ਇਕ ਪੀੜਿਤ (victim) ਦੇ ਰੂਪ ਵਿਚ ਅਤੇ ਇਕ ਹਾਰੇ ਹੋਏ ਇਨਸਾਨ ਦੇ ਤੌਰ ਤੇ ਪੇਸ਼ ਕਰਦਾ ਹੈ। ਉਸਦੀ ਖ਼ੂਬਸੂਰਤ ਢੁਕਵੀਂ ਬੋਲੀ ਅਤੇ ਸੱਜਰੀ ਬਿੰਬਕਾਰੀ ਉਸਦੇ ਬਿਰਹਾ ਭਾਵ ਨੂੰ ਬਹੁਤ ਸਮਰਥਾ ਨਾਲ ਉਘਾੜਦੀ ਅਤੇ ਉਭਾਰਦੀ ਹੈ।

ਅਸੀਂ ਕਾਲਜ ਪੜ੍ਹਨ ਦੇ ਦਿਨਾਂ ਵਿਚ ਸੁਖਬੀਰ ਸੰਧੂ ਦੀ ਮਸ਼ਹੂਰ ਗ਼ਜ਼ਲ

*"ਉਸ ਬੇਵਫ਼ਾ ਦੀ ਯਾਦ ਵਿਚ ਰੋਇਆ ਕਰਾਂ ਕਿ ਨਾ,*
*ਬੀਤੇ ਦਿਨਾਂ ਦੀ ਫ਼ੇਰ ਤਮੰਨਾ ਕਰਾਂ ਕਿ ਨਾ।"*

ਆਪਣੇ ਗਾਇਕ ਸਾਥੀਆਂ ਪਾਸੋਂ ਅਕਸਰ ਸੁਣਦੇ ਸਾਂ ਅਤੇ ਕਦੇ-ਕਦੇ ਖ਼ੁਦ ਵੀ ਗੁਣਗੁਣਾਉਂਦੇ ਸਾਂ ਹਾਲਾਂਕਿ ਸਾਨੂੰ ਕਿਸੇ ਨੂੰ ਵੀ ਇਸਦੇ ਲੇਖਕ ਦੇ

ਅਸਲ ਨਾਮ ਦਾ ਕੋਈ ਗਿਆਨ ਨਹੀਂ ਸੀ। ਮੈਨੂੰ ਤਾਂ ਇਹ ਗਿਆਨ ਵੀ ਹੁਣ ਪੁਸਤਕ ਦੀ ਪੁਨਰ ਪ੍ਰਕਾਸ਼ਨਾ ਦੇ ਮੌਕੇ ਹੀ ਹੋਇਆ ਹੈ। ਨੁਸਰਤ ਫ਼ਤਿਹ ਅਲੀ ਖਾਂ ਜੇਹੇ ਵੱਡੇ ਗਾਇਕਾਂ ਨੇ ਇਸ ਨੂੰ ਆਵਾਜ਼ ਦਿੱਤੀ ਹੈ। ਇਸ ਗ਼ਜ਼ਲ ਦਾ ਬਿਆਨ ਬਹੁਤ ਸੱਜਰਾ ਹੈ। ਉਹਦਾ ਸਾਨੂੰ ਪੁੱਛਣਾ ਕਿ ਬੇਵਫ਼ਾ ਦੀ ਯਾਦ ਵਿਚ ਰੋਵੇ ਕਿ ਨਾ, ਪੁਰਾਣੇ ਦਿਨਾਂ ਦੀ ਤਮੰਨਾ ਕਰੇ ਕਿ ਨਾ ਉਸਦੀ ਕਮਾਲ ਦੀ ਕਾਵਿਕ ਜੁਗਤ ਹੈ। ਪਰ ਸਾਨੂੰ ਸੁਖਬੀਰ ਸਿੰਘ ਸੰਧੂ ਦੀਆਂ ਬਾਕੀ ਗ਼ਜ਼ਲਾਂ ਦਾ ਪਾਠ ਵੀ ਵਿਲੱਖਣ ਲੱਗਿਆ ਹੈ। ਮੂਲ ਰੂਪ ਵਿਚ ਤਾਂ ਉਹ ਵੀ ਬਿਰਹਾ ਦਾ ਹੀ ਸ਼ਾਇਰ ਹੈ ਅਤੇ ਵਿਛੋੜਾ ਉਸਦੀ ਗ਼ਜ਼ਲ ਦਾ ਮੂਲ ਅਤੇ ਮੁੱਖ ਵਿਸ਼ਾ ਹੈ। ਉਸਦੇ ਕੁਝ ਸ਼ਿਅਰ ਦੇਖੋ:

*ਮੈਂ ਲੱਖ ਦਰਵਾਜ਼ੇ ਢੋਏ ਨੇ, ਮੈਂ ਸੌ ਸੌ ਜੰਦਰੇ ਲਾਏ ਨੇ,*
*ਪਰ ਫਿਰ ਵੀ ਇਕ ਦਰ ਪੀੜਾਂ ਦਾ, ਆਪੇ ਖੁੱਲ੍ਹ ਜਾਵੇ ਪਲ ਪਲ ਤੇ।*

•

*ਇਹ ਤਾਂ ਉਸਦਾ ਹੋ ਗਿਆ ਸੀ, ਫਿਰ ਕਿਉਂ ਹੈ ਮੇਰੇ ਕੋਲ,*
*ਜਾਂਦਾ ਜਾਂਦਾ ਦਿਲ, ਓਹਦੀ ਸਰਦਲ ਤੇ ਧਰ ਜਾਵਾਂਗਾ ਮੈਂ।*

•

*ਲੋਕ ਵੇਖਣਗੇ ਤਮਾਸ਼ਾ ਜੋ ਕਦੇ ਨਾ ਵੇਖਿਆ,*
*ਲਾਸ਼ ਆਪਣੀ ਹੀ ਉਠਾ ਕੇ ਜਦ ਗੁਜ਼ਰ ਜਾਵਾਂਗਾ ਮੈਂ।*

•

*ਤੇਰੇ ਪਾਸਿਓਂ ਇਹ ਹਟੇ, ਤਾਂ ਹੀ ਲਾਵਾਂ,*
*ਕਿਤੇ ਦਿਲ ਲਗਾਣਾ ਮੁਸ਼ਕਲ ਤਾਂ ਨਹੀਂ ਹੈ।*

•

*ਅੱਖੀਆਂ 'ਚ ਬਹਿ ਗਏ ਨੇ, ਬਣ-ਠਣ ਕੇ ਹੰਝੂ,*
*ਤੇਰੀ ਯਾਦ ਆਵਣ ਦੀਆਂ ਵਾਰੀਆਂ ਨੇ।*

•

*ਮਿਲੇ ਨਾ ਮਿਲੇ ਮੁਹੱਬਤ ਦੀ ਮਰਜ਼ੀ,*
*ਅਸਾਂ ਕੀਮਤਾਂ ਪੂਰੀਆਂ ਤਾਰੀਆਂ ਨੇ।*

ਹਾਰਿਆ ਹੋਇਆ ਬੰਦਾ ਅਕਸਰ ਆਪਣੇ ਆਪ ਨੂੰ ਰੱਬ ਜਾਂ ਅਧਿਆਤਮ ਦੇ ਹਵਾਲੇ ਕਰਦਾ ਹੈ ਤੇ ਜਾਂ ਆਤਮ ਹੱਤਿਆ ਵਾਲੇ ਰਾਹ ਪੈਂਦਾ ਹੈ। ਨੰਦ ਲਾਲ ਨੂਰਪੁਰੀ ਨੇ ਦੂਜਾ ਰਾਹ ਚੁਣਿਆਂ। ਪਰ ਸ਼ਿਵ ਕੁਮਾਰ ਨੇ ਆਪਣੀ ਪ੍ਰੇਮ-ਅਸਫ਼ਲਤਾ

ਨੂੰ ਹੋਂਦ ਦੇ ਸਵਾਲ ਨਾਲ ਜੋੜ ਕੇ ਆਪਣੇ ਦਰਦ ਦਾ ਅਧਿਆਤਮੀਕਰਨ ਕੀਤਾ। ਉਹ ਬਿਰਹਾ ਨੂੰ ਰੱਬ ਦੇ ਬਰਾਬਰ ਰੱਖ ਕੇ ਉਸਦੀ ਭਗਤੀ ਕਰਦਾ ਹੈ ਅਤੇ ਆਪਣੇ ਬਿਰਹਾ ਨੂੰ **"ਸੌ ਮੱਕਿਆਂ ਦਾ ਹੱਜ"** ਕਹਿੰਦਾ ਹੈ। ਇਵੇਂ ਉਹ ਬਿਰਹਾ ਨੂੰ ਸੁਲਤਾਨ ਬਣਾ ਦੇਂਦਾ ਹੈ। ਪਰ ਸੁਖਬੀਰ ਸਿੰਘ ਸੰਧੂ ਆਪਣੇ ਵਿਛੋੜੇ ਦੀ ਲੜਾਈ ਲੜਨ ਲਈ ਰਹੱਸ ਜਾਂ ਅਧਿਆਤਮ ਦਾ ਆਸਰਾ ਨਹੀਂ ਲੈਂਦਾ; ਉਹ ਆਪਣੀ ਸਥਿਤੀ ਵਿਰੁੱਧ ਆਪਣੀ ਤਾਕਤ ਨਾਲ ਖ਼ੁਦ ਲੜਨਾ ਚਾਹੁੰਦਾ ਹੈ। ਉਹ ਸਹੀ ਮਾਇਨਿਆਂ ਵਿਚ ਐਲਬੇਅਰ ਕਾਮੂ ਦੀ 'ਮਿੱਥ ਆਫ਼ ਸਿਸੀਫ਼ਸ' ਦੇ ਪਾਤਰ ਵਾਂਗ ਜ਼ਿੰਦਗੀ ਦੀ ਐਬਸਰਡਿਟੀ ਤੋਂ ਹਾਰ ਜਾਣ ਦਾ ਐਲਾਨ ਨਹੀਂ ਕਰਦਾ ਬਲਕਿ ਉਸ ਨਾਲ ਲਗਾਤਾਰ ਲੜਦਾ ਹੈ। ਭਾਵੇਂ ਆਪਣੇ ਜੀਵਨ ਵਿਚ ਉਹ ਸ਼ਰਾਬ ਦਾ ਆਸਰਾ ਲੈਂਦਾ ਹੈ ਪਰ ਆਪਣੇ ਕਾਵਿਕ ਕਰਤਾਰੀ ਪਲਾਂ ਵਿਚ ਉਹ ਖ਼ੁਦ ਖ਼ੁਦਾ ਬਣਨ ਦੇ ਰਾਹ ਪੈਂਦਾ ਹੈ ਅਤੇ ਰਵਾਇਤੀ ਰੱਬੀ ਤਾਕਤਾਂ ਅਤੇ ਉਸਦੇ ਪ੍ਰਤੀਨਿਧੀਆਂ ਨੂੰ ਸਿੱਧੀ ਚੁਣੌਤੀ ਦੇਂਦਾ ਹੈ :

*ਭਾਲ਼ੋ, ਉਹ ਖ਼ੁਦਾ ਜਿਸਦੀ ਖ਼ੁਦਾਈ ਪਰਖ ਵੇਖਾਂ ਮੈਂ,*
*ਕਿ ਪਾ ਕੇ ਆਖਦਾ ਹਾਂ ਮੈਂ, ਖ਼ੁਦਾ ਦਾ ਵਾਸਤਾ, ਭਾਲ਼ੋ।*

•

*ਮੇਰੇ ਆਲ੍ਹਣੇ ਦਾ ਕੀ ਏ, ਮੁੜ ਕੇ ਬਣਾ ਲਵਾਂਗਾ,*
*ਬਿਜਲੀ ਹੈ ਤਿਲਮਿਲਾ ਰਹੀ, ਉਸਦਾ ਜੌਹਰ ਵੀ ਦੇਖੋ।*

•

*ਅਸੀਂ ਗੰਗਾ ਜਾ ਕੇ ਕੀ ਲੈਣਾ, ਅਸੀਂ ਜਮਨਾ ਨ੍ਹਾ ਕੇ ਕੀ ਲੈਣਾ,*
*ਜਦ ਹੜ੍ਹ ਅੱਖੀਆਂ ਵਿਚ ਹੰਝੂਆਂ ਦਾ, ਸਾਨੂੰ ਆਣ ਨਹਾਵੇ ਪਲ ਪਲ ਤੇ।*

•

*ਬਣ ਗਿਆ ਹੈ, ਫੇਰ ਮੇਰਾ ਆਲ੍ਹਣਾ,*
*ਫੇਰ ਬਿਜਲੀ ਜੌਹਰ ਦਿਖਲਾਏ ਕਦੀ।*

•

*ਮਨ ਮੇਰਾ ਅੱਜ ਤਕ ਕਦੇ ਨਾ ਸ਼ਾਂਤ ਸੀ ਜਿੰਨਾ ਕਿ ਅੱਜ,*
*ਤੀਰਥਾਂ ਤੇ ਮੈਂ ਅਨੇਕਾਂ ਵਾਰ ਨ੍ਹਾ ਕੇ ਵੇਖਿਆ।*

•

*ਜੰਨਤ ਵੀ ਹੁਣ ਹੋ ਗਈ, ਜੁਗਾਂ ਪੁਰਾਣੀ ਚੀਜ਼,*
*ਜਾਣੈਂ ਅਸੀਂ ਫ਼ਰਿਸ਼ਤਿਓ ਕਿਸੇ ਥਾਂ ਨਵੀਨ ਤੇ।*

*ਜੰਨਤ 'ਚ ਖੜ੍ਹਨ ਲਈ ਨਾ ਫ਼ਰਿਸ਼ਤਿਓ ਸਤਾਓ,*
*ਓਥੇ ਮੈਂ ਤਦ ਹੈ ਜਾਣਾ, ਜੇ ਓਹ ਯਾਰ ਦੀ ਗਲੀ ਏ।*

•

ਅਧਿਆਤਮਕਤਾ ਵਿਚ ਲੀਨ ਹੋ ਕੇ ਸ਼ਿਵ ਕੁਮਾਰ ਇਕ ਪੜਾਅ ਉੱਤੇ ਆਪਣੀ ਪਿਆਰ ਨੂੰ ਅਪਨਾਉਣ ਦੇ ਖ਼ਿਆਲ ਤੋਂ ਹੀ ਮੁਕਤ ਹੋ ਜਾਂਦਾ ਹੈ:

*"ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ,*
*ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ।"*

ਪਰ ਸੁਖਬੀਰ ਸਿੰਘ ਸੰਧੂ ਇਸਤੋਂ ਬਹੁਤ ਵੱਖਰੇ ਸੰਸਾਰ ਵਿਚ ਵਿਚਰਦਾ ਹੈ:

*"ਲੱਖ ਯਤਨ ਭਾਵੇਂ ਕਰਾਂਗਾ ਕਿ ਨਾ ਓਧਰ ਮੂੰਹ ਕਰਾਂ,*
*ਰਾਹ ਓਹਦੇ ਘਰ ਦਾ ਹੀ ਹੋਊ, ਪਰ ਜਿੱਧਰ ਜਾਵਾਂਗਾ ਮੈਂ।"*

ਇਵੇਂ ਸਾਨੂੰ ਲਗਦਾ ਹੈ ਕਿ ਸੁਖਬੀਰ ਸਿੰਘ ਸੰਧੂ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਅਨੁਭਵ ਦੀ ਇਕ ਵੱਖਰੀ ਜ਼ਮੀਨ ਉੱਤੇ ਲਿਖੀਆਂ ਗਈਆਂ ਹਨ। ਭਾਵੇਂ ਇਹਨਾਂ ਦੀ ਗਿਣਤੀ ਸੀਮਿਤ ਹੈ ਪਰ ਇਹਨਾਂ ਵਿਚਲਾ ਭਾਵ-ਸੰਸਾਰ ਬਹੁਤ ਅਮੀਰ ਹੈ। ਪੰਜਾਬੀ ਦੀ ਗੰਭੀਰ ਸਾਹਿਤ-ਆਲੋਚਨਾ ਨੂੰ ਇਸ ਕਾਵਿ ਦਾ ਨੋਟਿਸ ਲੈਣਾ ਬਣਦਾ ਹੈ। ਤੁਸੀਂ ਦੇਖੋਗੇ ਕਿ ਉਸਦੇ ਪ੍ਰਗਟਾਵੇ ਵਿਚ ਵੀ ਬਹੁਤ ਸੱਜਰਾਪਣ ਅਤੇ ਸੂਖਮਤਾ ਹੈ। ਇਸ ਸੰਗ੍ਰਹਿ ਦੀ ਇਕੋ-ਇਕ ਸੰਜੋਗ ਸ਼ਿੰਗਾਰ ਦੀ ਗ਼ਜ਼ਲ ਵਿਚ ਉਸਦੀ ਕਾਵਿਕਤਾ ਦੀ ਨਜ਼ਾਕਤ ਨੂੰ ਮਾਣੋਂ:

*ਸੀਤਿਆਂ ਬੁੱਲ੍ਹਾਂ ਨੂੰ ਜਿਹੜਾ ਛੂਹ ਕੇ ਮੁੜ ਜਾਂਦਾ ਰਿਹਾ,*
*ਆਤਮਾ ਮੇਰੀ ਨੇ ਅੱਜ ਉਹ ਗੀਤ ਗਾ ਕੇ ਵੇਖਿਆ।*

•

*ਪਾ ਰਹੇ ਗਲਵੱਕੜੀਆਂ ਸਨ, ਸਾਡੇ ਪੈਰਾਂ ਦੇ ਨਿਸ਼ਾਨ,*
*ਜਦ ਪਿਛਾਂਹ ਨੂੰ ਮੈਂ ਰਤਾ ਕੁ, ਮੂੰਹ ਭੁਆਂ ਕੇ ਵੇਖਿਆ।*

•

ਜੇਕਰ ਪੁਸਤਕ **'ਪਾਇਲ'** ਦੀ ਪਹਿਲੀ 20 ਅਕਤੂਬਰ 1973 ਵਾਲੀ ਪ੍ਰਕਾਸ਼ਨਾ ਸਹੀ ਲੋਕਾਂ ਤਕ ਪਹੁੰਚ ਗਈ ਹੁੰਦੀ ਤਾਂ ਸੁਖਬੀਰ ਸਿੰਘ ਸੰਧੂ ਦੀ ਇੱਕ ਤਾਂ ਕੀ, ਕਈ ਗ਼ਜ਼ਲਾਂ ਵੱਡੇ ਗਾਇਕਾਂ ਨੇ ਗਾ ਦਿੱਤੀਆਂ ਹੁੰਦੀਆਂ।

ਉਮੀਦ ਕਰਦਾ ਹਾਂ ਕਿ ਹਥਲੇ ਯਤਨ ਤੋਂ ਬਾਦ ਸੁਖਬੀਰ ਸਿੰਘ ਸੰਧੂ ਨੂੰ ਉਸਦਾ ਸਹੀ ਥਾਂ ਨਸੀਬ ਹੋ ਜਾਵੇਗਾ।

***ਆਤਮਜੀਤ (ਡਾ.)***



ਰੇਖਾਂਕਣ : ਇਮਰੋਜ਼

ਸੱਜਣਾਂ ਦੀਆਂ ਯਾਦਾਂ ਐਸੀਆਂ ਨਹੀਂ ਜੋ ਮੇਰੇ ਮੋਇਆਂ ਮਰਨਗੀਆਂ,
ਇਹ ਯਾਦਾਂ, ਵਾਂਗ ਕਬੂਤਰੀਆਂ, ਮੇਰੀ ਕਬਰ ਤੇ ਆ ਕੇ ਗੁਟਕਣੀਆਂ।

## ਇੱਕ

❑

ਮਾਰੀ ਉਨ੍ਹਾਂ ਨੇ ਚੋਟ ਹੈ ਸਾਡੇ ਯਕੀਨ ਤੇ।
ਪੰਛੀ ਢਹੂ ਗ਼ਰੂਰ ਦਾ ਇਕ ਦਿਨ ਜ਼ਮੀਨ ਤੇ।

ਬਿਜਲੀ ਉਹਦੇ ਜਮਾਲ ਦੀ ਫਿਰਦੀ ਹੈ ਲਿਸ਼ਕਦੀ,
ਡਿਗਦੀ ਹੈ ਫੇਰ ਵੇਖੀਏ ਕਿਹੜੇ ਸ਼ੌਕੀਨ ਤੇ।

ਐਵੇਂ ਨਹੀਂ ਨਾ-ਮੁਰਾਦ ਦਿਲ ਹੱਥੋਂ ਨਿਕਲ ਗਿਆ,
ਆਇਆ ਹਜ਼ਾਰ ਵਾਰ ਹੈ, ਹਰ ਸ਼ੈ ਹੁਸੀਨ ਤੇ।

ਖ਼ਤ ਦੇ ਕੇ ਹੱਥ ਰਕੀਬ ਦੇ ਕਾਸਦ ਕਿਉਂ ਰੋ ਪਿਐ,
ਸ਼ਾਇਦ ਉਹ ਵੀ ਉਦਾਸ ਹੈ ਸਾਡੀ ਤੌਹੀਨ ਤੇ।

ਜੰਨਤ ਵੀ ਹੋ ਗਈ ਏ ਹੁਣ ਜੁੱਗਾਂ ਪੁਰਾਣੀ ਚੀਜ਼,
ਜਾਣੈਂ ਅਸਾਂ ਫ਼ਰਿਸ਼ਤਿਓਂ ਕਿਸੇ ਥਾਂ ਨਵੀਨ ਤੇ।

●

## ਦੋ

❑

ਜ਼ਖ਼ਮ ਰੋਏ, ਮਰ੍ਹਮ ਲਗਾਈ ਜਦ।
ਪਿਆਸ ਭੜਕੀ, ਉਨ੍ਹਾਂ ਪਿਲਾਈ ਜਦ।

ਉਹ ਨੇ ਅੱਜ ਸ਼ਾਮ ਮੁਸਕਰਾ ਕੇ ਮਿਲੇ,
ਕਿੰਜ ਗੁਜ਼ਰੇਗੀ ਰਾਤ ਆਈ ਜਦ।

ਮੇਰੇ ਸੀਨੇ ਹਜ਼ਾਰ ਦਿਲ ਧੜਕੇ,
ਨਜ਼ਰ ਉਸ ਨੇ ਕਦੇ ਮਿਲਾਈ ਜਦ।

ਰੁਕ ਗਈ ਪਹੁੰਚ ਕੇ ਮੈਖ਼ਾਨੇ ਤੇ,
ਸ਼ਾਮ ਨੂੰ ਕੋਈ ਗੱਲ ਚਲਾਈ ਜਦ।

ਸੁਣ ਕੇ ਪੰਡਤ ਨੇ ਮੰਗਿਆ ਪਾਣੀ,
ਮੈਅ-ਕਸ਼ੀ ਦੀ ਮੈਂ ਗੱਲ ਸੁਣਾਈ ਜਦ।

ਜਾਮ ਨਾਗਾਂ ਦੀ ਬਣ ਗਿਆ ਵਰਮੀ,
ਜ਼ੁਲਫ਼ ਵਾਲੇ ਸ਼ਰਾਬ ਪਾਈ ਜਦ।

ਯਾਦ ਉਸ ਦੀ ਹਰੇਕ ਗੱਲ ਆਈ,
ਹੋਸ਼ ਆਪਣੀ ਅਸਾਂ ਭੁਲਾਈ ਜਦ।

●

## ਤਿੰਨ

❑

ਜੋ ਪਲਕਾਂ ਹੇਠ ਬਿਠਾਉਂਦਾ ਰਿਹਾ, ਉਹ ਨੈਣ ਚੁਰਾਵੇ ਪਲ ਪਲ ਤੇ।
ਕੀ ਹੁੰਦਾ ਜਾਵੇ ਉਨ੍ਹਾਂ ਨੂੰ, ਸਾਨੂੰ ਸਮਝ ਨਾ ਆਵੇ ਪਲ ਪਲ ਤੇ।

ਮੈਂ ਲੱਖ ਦਰਵਾਜ਼ੇ ਢੋਏ ਨੇ, ਮੈਂ ਸੌ ਸੌ ਜਿੰਦਰੇ ਲਾਏ ਨੇ,
ਪਰ ਫਿਰ ਵੀ ਇਕ ਦਰ ਪੀੜਾਂ ਦਾ, ਆਪੇ ਖੁੱਲ੍ਹ ਜਾਵੇ ਪਲ ਪਲ ਤੇ।

ਕੀ ਆਸ ਕਦੇ ਹੋ ਸਕਦੀ ਹੈ, ਉਸ ਜ਼ਖ਼ਮ ਦੇ ਰਾਜ਼ੀ ਹੋਵਣ ਦੀ,
ਖ਼ੁਦ ਮਰ੍ਹਮ ਲਗਾਵਣ ਵਾਲਾ ਹੀ, ਜੇ ਆਣ ਦੁਖਾਵੇ ਪਲ ਪਲ ਤੇ।

ਇਹ ਯਾਦ ਹੈ ਸਾਡੇ ਸੱਜਣਾਂ ਦੀ, ਇਹ ਪਿਆਰ ਹੈ ਸਾਡੇ ਸੱਜਣਾਂ ਦਾ,
ਸਾਨੂੰ ਪਾਰ ਸਮੁੰਦਰੋਂ ਸੁੱਤਿਆਂ ਨੂੰ, ਜੋ ਆਣ ਜਗਾਵੇ ਪਲ ਪਲ ਤੇ।

ਅਸੀਂ ਗੰਗਾ ਜਾ ਕੇ ਕੀ ਲੈਣਾ ਅਸੀਂ ਜਮਨਾ ਨ੍ਹਾ ਕੇ ਕੀ ਲੈਣਾ,
ਜਦ ਹੜ੍ਹ ਅੱਖੀਆਂ ਵਿੱਚ ਹੰਝੂਆਂ ਦਾ, ਸਾਨੂੰ ਆਣ ਨੁਹਾਵੇ ਪਲ ਪਲ ਤੇ।

ਕੀ ਦੋਸ਼ ਕਿਸੇ ਨੂੰ ਦੇਣਾ ਹੈ ਆਪਣੀ ਹੀ ਸਲਾਹ ਹੈ ਡੁੱਬਣ ਦੀ,
ਅਸੀਂ ਮੁੜ ਮੁੜ ਗੋਤੇ ਖਾਂਦੇ ਹਾਂ, ਕੋਈ ਪਾਰ ਲੰਘਾਵੇ ਪਲ ਪਲ ਤੇ।

ਆਖ਼ਰ ਕੋਈ ਤੇ ਸਾਡਾ ਹੈ ਤੇ ਸਾਨੂੰ ਵੀ ਕੋਈ ਚਾਹੁੰਦਾ ਹੈ,
ਇਹ ਮਾਣ ਅਸੀਂ ਤਦ ਕਰਦੇ ਹਾਂ, ਜਦ ਮੌਤ ਬੁਲਾਵੇ ਪਲ-ਪਲ ਤੇ।

●

## ਚਾਰ

❐

ਬੇ-ਅਸਰ ਨਿਕਲੀ ਜਦੋਂ ਹਰ ਇੱਕ ਦਵਾ ਮੇਰੇ ਲਈ।
ਰਾਸ ਆਈ ਤੇਰੇ ਪੱਲੂ ਦੀ ਹਵਾ ਮੇਰੇ ਲਈ।

ਛੱਡ ਕੇ ਮੈਨੂੰ ਇਕੱਲਾ ਜਾਏਂਗਾ ਤੂੰ ਕਿੰਜ ਦੋਸਤ,
ਆ ਰਿਹੈ, ਅਹੁ ਵੇਖ ਗ਼ਮ ਦਾ ਕਾਫ਼ਲਾ ਮੇਰੇ ਲਈ।

ਨੱਚ ਉੱਠਦਾ ਹੈ ਮੇਰਾ ਦਿਲ ਹਰ ਕਿਸੇ ਨੂੰ ਵੇਖ ਕੇ,
ਇੱਕ ਨੇ ਮੰਦਰ, ਮਸੀਤਾਂ, ਮੈਅਕਦਾ ਮੇਰੇ ਲਈ।

ਮੁਸ਼ਕਿਲਾਂ ਨਾਲ ਅੜਣ ਦੀ ਹਸਰਤ ਨਾ ਤੜਪਾਵੇ ਕਿਤੇ,
ਐ ਖ਼ੁਦਾ ! ਪੈਦਾ ਨਾ ਕਰਨਾ ਨਾ-ਖ਼ੁਦਾ ਮੇਰੇ ਲਈ।

ਸਾਕੀਆ ! ਬੇ-ਸ਼ੱਕ ਪਿਲਾ ਨਾ, ਪੀਣ ਦੀ ਤ੍ਰਿਸ਼ਨਾ ਨਹੀਂ,
ਬਹੁਤ ਹੈ 'ਪੀਓਗੇ' ? ਪੁੱਛਣ ਦਾ ਨਸ਼ਾ ਮੇਰੇ ਲਈ।

ਰਾਤ ਨੇ ਪ੍ਰਭਾਤ ਦਾ ਸੰਧੂਰ ਸਿਰ ਵਿਚ ਧੂੜ ਕੇ,
ਇੱਕ ਨਵਾਂ ਦਿਨ ਹੋਰ ਦਿੱਤਾ ਹੈ ਸਜਾ ਮੇਰੇ ਲਈ।

ਮੌਤ ਮੇਰੀ ਕਿਸ ਤਰ੍ਹਾਂ, ਨਾ ਖ਼ੂਬਸੂਰਤ ਹੋਏਗੀ,
ਹੈ ਜੇ ਸੋਹਣਾ ਜ਼ਿੰਦਗੀ ਦਾ ਹਰ ਪੜਾਅ ਮੇਰੇ ਲਈ।

●

## ਪੰਜ

❒

ਮੇਰੇ ਤਰਲੇ ਉਸ ਦੀ ਓਹੋ ਬੇ-ਰੁਖ਼ੀ।
ਮੌਤ ਆਖਾਂ ਏਸ ਨੂੰ, ਜਾਂ ਜ਼ਿੰਦਗੀ।

ਇਸ਼ਕ ਹੈ ਜੇ ਹੁਸਨ ਦਾ ਹਰ ਪਲ ਗ਼ੁਲਾਮ,
ਹੁਸਨ ਹੈ ਕਿਉਂ ਇਸ਼ਕ ਦੀ ਕੈਦੋਂ ਬਰੀ।

ਆਖਦਾ ਹੈ ਦਿਲ ਕਿ ਉਸਨੂੰ ਪੁੱਛ ਵੇਖ,
ਅਕਲ ਕਹਿੰਦੀ ਏ ਕਿ ਜੇ ਪੁੱਛਾਂ ਤਾਂ ਕੀ ?

ਭੁੱਲ ਗਏ ਆਪਣਾ ਉਹ ਬਣਨਾ ਸੰਵਰਨਾ,
ਤੱਕ ਲਈ ਜਿੰਨ੍ਹਾਂ ਨੇ ਉਸ ਦੀ ਸਾਦਗੀ।

ਆਖਦੇ ਨੇ ਖ਼ੁਦੀ ਲੈਂਦੀ ਮਾਰ ਹੈ,
ਮਾਰ ਗਈ ਸਾਨੂੰ ਤਾਂ ਸਾਡੀ ਬੇ-ਖ਼ੁਦੀ।

ਸਾਹਮਣੇ ਆ ਕੇ ਨੇ ਛੁਪ ਜਾਂਦੇ ਉਹ ਫੇਰ,
ਦਿਲਬਰੀ ਆਖਾਂ ਜਾਂ ਇਸ ਨੂੰ ਦਿਲ-ਲਗੀ।

ਗ਼ਮ ਮੇਰੇ ਸੀਨੇ 'ਚ ਵੱਸਦੈ ਇਸ ਤਰ੍ਹਾਂ,
ਜਿਸ ਤਰ੍ਹਾਂ ਫ਼ੁੱਲਾਂ 'ਚ ਵੱਸੇ ਤਾਜ਼ਗੀ।

●

## ਛੇ

❐

ਜਦੋਂ ਦਾ ਰਾਤ ਨੂੰ ਆਵਣ ਦੇ ਲਾ ਗਿਆ ਲਾਰੇ।
ਭੁਲਾ ਕੇ ਹੋਰ ਹਿਸਾਬਾਂ ਨੂੰ, ਮੈਂ ਗਿਣੇ ਤਾਰੇ।

ਮੈਂ ਤੇਰੇ ਪਿਆਰ 'ਚ ਤੂੰ ਹੀ ਨਾ ਬਣ ਗਿਆ ਹੋਵਾਂ,
ਤੇਰਾ ਨਾਂ ਲੈਂਦੇ ਤੇ ਮੈਨੂੰ ਪੁਕਾਰਦੇ ਸਾਰੇ।

ਮੈਂ ਆਪਣੀ ਕਬਰ ਸਜਾਵਣ ਲਈ ਸੰਭਾਲੇ ਨੇ,
ਤੇਰੀ ਗਲ਼ੀ 'ਚ ਨੇ ਪੱਥਰ, ਕਿਸੇ ਵੀ ਜੋ ਮਾਰੇ।

ਬੜਾ ਵਿਸ਼ਾਲ ਮੁਹੱਬਤ ਦਾ ਜਿਗਰ ਹੈ ਕਿ ਅਸੀਂ ,
ਹਾਰ ਕੇ ਦੋਹਾਂ ਜਹਾਨਾਂ ਨੂੰ, ਕੁਛ ਨਹੀਂ ਹਾਰੇ।

ਅਸੀਂ ਤੇ ਆਪ ਹੀ ਏਸੇ ਨੂੰ ਲੱਭਦੇ ਫਿਰਦੇ ਸਾਂ,
ਐਵੇਂ ਭਰਮਾਉਣ ਦੇ ਕਾਤਲ ਤਾਂ ਕਰ ਰਿਹੈ ਚਾਰੇ।

●

## ਸੱਤ

❑

ਚਮਨ ਹੈ, ਜਾਂ ਕੋਈ ਵੀਰਾਨਾ ਹੈ।
ਸਾਰੀ ਦੁਨੀਆਂ ਸ਼ਰਾਬ-ਖ਼ਾਨਾ ਹੈ।

ੳਦੋਂ ਅੰਬਰ ਸੁਰਾਹੀ ਬਣ ਜਾਵੇ,
ਧਰਤ ਬਣਦੀ, ਜਦੋਂ ਪੈਮਾਨਾ ਹੈ।

ਅਜੇ ਦੁੱਖ ਸੁਖ ਦੀ ਸਾਰ ਹੈ ਇਸ ਨੂੰ,
ਅਜੇ ਪੂਰਾ ਨਾ ਦਿਲ ਦੀਵਾਨਾ ਹੈ।

ਤੇਰਾ ਆਉਣਾ ਤਾਂ ਦਿਲ-ਲਗੀ ਨਿਕਲੀ,
ਤੇਰਾ ਜਾਣਾ ਵੀ ਕੀ ਬਹਾਨਾ ਹੈ?

ਦਿਆਂ ਕੀ ਨਾਮ ਉਸ ਦੇ ਨਾਤੇ ਨੂੰ,
ਜੋ ਨਾ ਅਪਣਾ ਤੇ ਨਾ ਬੇਗਾਨਾ ਹੈ।

ਜਦ ਵੀ ਨੈਣਾਂ ਦੇ ਤੀਰ ਉਸ ਮਾਰੇ,
ਮੇਰੇ ਦਿਲ ਦਾ ਲਿਆ ਨਿਸ਼ਾਨਾ ਹੈ।

ਦਰ-ਅਸਲ ਮੌਤ ਨਾਲ ਵਾਅਦਾ ਹੈ,
ਨਾਮ ਰੱਖਿਆ ਜਿਹਦਾ ਯਾਰਾਨਾ ਹੈ।

ਇੱਕ ਤੇਰੀ ਦੋਸਤੀ ਦੇ ਬਦਲੇ ਹੀ,
ਹੋਇਆ ਦੁਸ਼ਮਣ ਮੇਰਾ ਜ਼ਮਾਨਾ ਹੈ।

ਜਲਾ ਨਾ ਦਿਲ, ਸਮਝ ਕੇ ਸ਼ੈਅ ਮੇਰੀ,
ਯਾਦ ਤੇਰੀ ਦਾ ਆਸ਼ਿਆਨਾ ਹੈ।

●

## ਅੱਠ

❐

ਦੱਸਦਾ ਏ ਹਰ ਨਜ਼ਾਰਾ ਕਰਵਟ ਬਦਲ ਬਦਲ ਕੇ।
ਕੋਈ ਇਨਕਲਾਬ ਆਉਣਾ ਹੈ ਅੱਜ ਨਹੀਂ ਤਾਂ ਭਲ਼ਕੇ।

ਪੂਰਬ 'ਚੋਂ ਕਿਰਨ ਚਮਕੀ, ਪੱਛਮ ਨਿਖ਼ਾਰ ਦਿੱਤਾ,
ਜ਼ੱਰੇ ਜ਼ੱਰੇ ਤੇ ਸ਼ਬਨਮ ਮੋਤੀ ਦੇ ਵਾਂਗ ਡਲ੍ਹਕੇ।

ਹੱਥ ਛੁਹ ਗਿਆ ਸਮੇਂ ਦਾ ਜੀਵਨ ਦੇ ਸਾਜ਼ ਤਾਈਂ,
ਆਲਮ ਜਗਾ ਰਹੀ ਏ ਹੁਣ ਧੁਨ ਨਿਕਲ ਨਿਕਲ ਕੇ।

ਨੈਣਾਂ 'ਚ ਹੰਝੂਆਂ ਦੀ ਹੁਣ ਸਿੱਲ੍ਹ ਵੀ ਰਹੂ ਨਾ,
ਆਵੇਗੀ ਕਾਂਗ ਜੀਵਨ ਹੁਣ ਤਾਂ ਉਛਲ ਉਛਲ ਕੇ।

ਅੱਜ ਕੰਡਿਆਂ ਤੋਂ ਡਰਦੇ ਉਹ ਹੱਥ ਕੰਬਦੇ ਨੇ,
ਜਿੰਨ੍ਹਾਂ ਸੀ ਢੇਰ ਲਾਏ ਕਲੀਆਂ ਮਸਲ ਮਸਲ ਕੇ।

ਹਰਦਾ ਹੀ ਜਾ ਰਿਹਾ ਏ ਹਰ ਕਦਮ ਤੇ ਹਨ੍ਹੇਰਾ ,
ਕਰਦਾ ਏ ਵਾਰ ਚਾਨਣ ਐਸੇ ਸੰਭਲ ਸੰਭਲ ਕੇ।

ਧਰਤੀ ਨਾ ਸਹਿ ਸਕੇਗੀ ਹੁਣ ਭਾਰ ਕੈਦੋਆਂ ਦਾ,
ਦਿਲ ਮਿਲਣਗੇ ਹਮੇਸ਼ਾਂ ਹੁਣ ਤਾਂ ਮਚਲ ਮਚਲ ਕੇ।

●

## ਨੌਂ

❑

ਮੇਰੇ ਦੋਸਤੋ, ਰਲ਼ ਕੇ ਮੇਰੇ ਦਿਲ ਦੀ ਦਵਾ ਭਾਲ਼ੋ।
ਨਾ ਮੈਨੂੰ ਜੋ ਮਿਲੀ ਕਿਤਿਓਂ, ਰਤਾ ਮਾਸਾ ਵਫ਼ਾ ਭਾਲ਼ੋ।

ਪਿਲਾਈ ਨਾ ਕਿਸੇ ਨੇ ਹੱਸ ਕੇ ਨੈਣਾਂ 'ਚੋਂ ਦੋ ਕਤਰੇ,
ਮੈਂ ਹੰਝੂ ਪੀ ਲਵਾਂ ਜਿਸ ਦੇ ਉਹ ਰੋਂਦਾ ਮੈਅਕਦਾ ਭਾਲ਼ੋ।

ਭਾਲ਼ੋ ਉਹ ਖ਼ੁਦਾ ਜਿਸ ਦੀ ਖ਼ੁਦਾਈ ਪਰਖ ਵੇਖਾਂ ਮੈਂ,
ਕਿ ਪਾ ਕੇ ਆਖਦਾ ਹਾਂ ਮੈਂ ਖ਼ੁਦਾ ਦਾ ਵਾਸਤਾ ਭਾਲ਼ੋ।

ਕਤਲਗਾਹ ਵਿੱਚ ਹੀ ਸਾਰੀ ਜਵਾਨੀ ਬੀਤਦੀ ਜਾਵੇ,
ਓ ਮੇਰੇ ਵਾਸਤੇ ਕਿਸੇ ਈਦਗਾਹ ਦਾ ਵੀ ਪਤਾ ਭਾਲ਼ੋ।

ਪਲ਼ਦਾ ਰਿਹਾ ਹਾਂ ਮੈਂ ਅੱਜ ਤੀਕਣ ਮੌਤ ਦੀ ਝੋਲੀ,
ਤੁਰਾਂ ਜਿਸ ਨਾਲ, ਹੁਣ ਤਾਂ ਜ਼ਿੰਦਗੀ ਦਾ ਕਾਫ਼ਲਾ ਭਾਲ਼ੋ।

●

## ਦਸ

❑

ਲੈ ਲੈਂਦਾ ਹੈ ਸਜਦਾ, ਰੋਕ ਕੇ, ਇੱਕ ਦਰ ਕਦੀ ਕਦੀ।
ਯਾਦਾਂ ਤਾਜ਼ੀਆਂ ਦੇਂਦਾ ਹੈ ਕਰ, ਇੱਕ ਘਰ ਕਦੀ ਕਦੀ।

ਓ ਪਾਗਲ ਮਨਾਂ ! ਸੁਣਦਾ ਹੈ ਏਥੇ ਕੌਣ ਦੂਜੇ ਦੀ,
ਲਿਆ ਕਰ ਪੀੜ ਆਪਣੀ ਆਪ ਹੀ ਤੂੰ ਜਰ ਕਦੀ ਕਦੀ।

ਚਾਹੁੰਦਾ ਹੈਂ ਜੇ ਸਾਕੀ ਖ਼ੁਦ ਪਿਲਾਏ ਵਾਸਤੇ ਪਾ ਪਾ,
ਹੋਇਆ ਕਰ ਓ ਰਿੰਦਾ ਪੀਣ ਤੋਂ ਮੁਨਕਰ ਕਦੀ ਕਦੀ।

ਛਣ ਛਣ ਚੂੜੀਆਂ ਦੀ ਤੇ ਭਰੋਸਾ ਕੀ ਕਰੇ ਕੋਈ,
ਜਿੰਨ੍ਹਾਂ ਦੀ ਟੁੱਟ ਕੇ ਬਣ ਜਾਂਵਦੀ ਨਸ਼ਤਰ ਕਦੀ ਕਦੀ।

ਜ਼ਮਾਨੇ ਦਾ ਤਾਂ ਏਹੋ ਕੰਮ ਹੈ, ਇਸ ਤੇ ਗਿਲਾ ਕਾਹਦੈ,
ਐਪਰ ਦਿਲ ਜਲਾਉਂਦਾ ਹੈ ਕਿਉਂ ਦਿਲਬਰ ਕਦੀ ਕਦੀ।

●

## ਗਿਆਰਾਂ

❑

ਉਸ ਦਾ ਕਹਿਰ ਵੀ ਦੇਖੋ, ਮੇਰਾ ਸਬਰ ਵੀ ਦੇਖੋ।
ਉਸ ਦੀ ਨਜ਼ਰ ਦੇ ਮਗਰੋਂ, ਮੇਰਾ ਜਿਗਰ ਵੀ ਦੇਖੋ।

ਮੇਰੇ ਆਲ੍ਹਣੇ ਦਾ ਕੀ ਏ, ਮੁੜ ਕੇ ਬਣਾ ਲਵਾਂਗਾ,
ਬਿਜਲੀ ਹੈ ਤਿਲਮਿਲਾ ਰਹੀ, ਉਸ ਦਾ ਜੌਹਰ ਵੀ ਦੇਖੋ।

ਨਜ਼ਰਾਂ ਚੁਰਾ ਕੇ ਸਾਥੋਂ, ਹਰ ਨਜ਼ਰ ਵਿਚ ਸਮਾਇਆ,
ਬਦਲੀ ਹੀ ਦਿਸ ਰਹੀ ਹੈ, ਜਿਹੜੀ ਨਜ਼ਰ ਵੀ ਦੇਖੋ।

ਹੁਣ ਤਕ ਜਿਵੇਂ ਗੁਜ਼ਾਰੀ, ਮੇਰਾ ਦਿਲ ਹੀ ਜਾਣਦਾ ਹੈ,
ਕਿੰਜ ਗੁਜ਼ਰਦੀ ਹੈ ਸਾਡੀ, ਬਾਕੀ ਉਮਰ ਵੀ ਦੇਖੋ।

ਦੱਸ ਕੇ ਰਕੀਬ ਤਾਈਂ ਮੇਰੇ ਕਤਲ ਦੀ ਕਹਾਣੀ,
ਕੀਤਾ ਹੈ ਅੱਜ ਉਨ੍ਹਾਂ ਨੇ ਸਾਡਾ ਜ਼ਿਕਰ ਵੀ ਦੇਖੋ।

ਵਰਨਣ ਸਿਤਾਰਿਆਂ ਦਾ ਕਿਤੇ ਰਹਿ ਨਾ ਜਾਏ ਅਧੂਰਾ,
ਦੇਖੀ ਹੈ ਕਹਿਕਸ਼ਾਂ ਜੇ, ਉਹਦੀ ਰਾਹ-ਗੁਜ਼ਰ ਵੀ ਦੇਖੋ।

ਪੂਰਬ ਨੂੰ ਸੌਂਪ ਕੇ ਦਿਲ, ਪੱਛਮ ਨੂੰ ਆ ਗਿਆ ਹਾਂ,
ਬਣਦੀ ਹੈ ਕਿਸ ਜਗ੍ਹਾ ਤੇ ਸਾਡੀ ਕਬਰ ਵੀ ਦੇਖੋ?

ਚੰਗੀ ਹੈ ਜਾਂ ਬੁਰੀ ਹੈ, ਆਖ਼ਰ ਤਾਂ ਹੈ ਤੁਹਾਡੀ,
ਸਾਨੂੰ ਕਬੂਲ ਹੈ ਉਹ ਜਿਹੜੀ ਨਜ਼ਰ ਵੀ ਦੇਖੋ।

ਪੁੱਛਦੇ ਓਹੋ ਨੇ ਮੈਨੂੰ, ਕੀ ਰੋਗ ਲਾ ਲਿਐ ਮੈਂ,
ਬਣਦੇ ਨੇ ਖ਼ੂਬ ਬਣਦੇ ਜਦ ਬੇ-ਖ਼ਬਰ ਵੀ ਦੇਖੋ।

ਕਿਸ਼ਤੀ ਵੀ ਹੁਣ ਤਾਂ ਜਾਪੇ ਡੋਬਣ ਲਈ ਬਣੀ ਏਂ,
ਲਾਉਂਦਾ ਸੀ ਪਾਰ ਇਕ ਦਿਨ ਸਾਨੂੰ ਭੰਵਰ ਵੀ ਦੇਖੋ।

ਉੱਠ ਰਹੇ ਉਦਾਸ ਧੂੰਏ, ਝੁੱਗੀਆਂ ਨਿਰਾਸੀਆਂ 'ਚੋਂ,
ਏਥੇ ਕਿਤੇ ਜੇ ਹੋਣਾ ਰਤਾ ਮੇਰਾ ਘਰ ਵੀ ਦੇਖੋ।
●

## ਬਾਰਾਂ

❑

ਗ਼ਮਾਂ ਦੀ ਲੋੜ ਹੈ ਮੈਨੂੰ, ਇਹ ਗ਼ਮ ਨੇ ਜ਼ਿੰਦਗੀ ਮੇਰੀ।
ਇਨ੍ਹਾਂ ਨੂੰ ਬੇ-ਘਰੇ ਕਰ ਦਏ, ਨਾ ਕਿਧਰੇ ਬੇ-ਰੁਖ਼ੀ ਮੇਰੀ।

ਇਹ ਗ਼ਮ ਸਨ ਜੋ ਬਿਗਾਨੇ ਹੋਣ ਤੇ ਵੀ, ਹੋ ਗਏ ਮੇਰੇ,
ਹੈ ਮੈਥੋਂ ਦੂਰ ਹੁੰਦੀ ਜਾ ਰਹੀ ਸੀ, ਜਦ ਖ਼ੁਸ਼ੀ ਮੇਰੀ।

ਜਿੰਨ੍ਹਾਂ ਨੇ ਖ਼ੂਨ ਪੀ ਕੇ ਧਰਮ ਦੇ ਨਾਂ ਤੇ, ਨੇ ਬੁੱਲ੍ਹ ਰੰਗੇ,
ਭਲਾ ਚੰਗੀ ਕਿਵੇਂ ਲੱਗੇ ਉਨ੍ਹਾਂ ਨੂੰ ਮੈਅ-ਕਸ਼ੀ ਮੇਰੀ।

ਜੇ ਕਾਲ਼ੀ ਰਾਤ ਨਾ ਆਉਂਦੀ, ਕਿਤੇ ਨਾ ਚੰਨ ਜੇ ਛੁਪਦਾ,
ਕਿਵੇਂ ਫਿਰ ਤਾਰਿਆਂ ਦੇ ਨਾਲ ਹੁੰਦੀ ਦੋਸਤੀ ਮੇਰੀ।

ਜੀਉਂਦਾ ਹਾਂ ਮੈਂ ਦੁਨੀਆਂ ਤੇ ਇਸ ਇਕ ਅਰਮਾਨ ਦੇ ਸਦਕੇ,
ਕਦੇ ਤਾਂ ਕੰਮ ਆਵੇਗੀ, ਕਿਸੇ ਦੇ ਮੁਫ਼ਲਸੀ ਮੇਰੀ।

ਮੈਂ ਹਾਂ ਕਿ ਕਿਸੇ ਦੀ ਹਰ ਅਦਾ ਨੂੰ ਪਿਆਰ ਕਰਦਾ ਹਾਂ,
ਕੋਈ ਹੈ ਕਿ, ਬੁਰੀ ਲੱਗਦੀ ਹੈ ਜਿਸ ਨੂੰ ਸਾਦਗੀ ਮੇਰੀ।

ਗੱਲ ਇਤਫ਼ਾਕ ਦੀ ਹੈ, ਦੋਸ਼ ਨਾ ਉਸ ਦਾ ਨਾ ਮੇਰਾ ਹੈ,
ਨਾ ਝਾਂਜਰ ਛਣਕਦੀ ਉਸਦੀ, ਨਾ ਨੀਯਤ ਬਦਲਦੀ ਮੇਰੀ।

●

## ਤੇਰਾਂ

❑

ਜਦੋਂ ਘਰ ਕਿਸੇ ਦੇ ਸਮਾਏ ਗ਼ਰੀਬੀ।
ਤਾਂ ਕੀ ਕੀ ਸੁਣੋ ਕਰ ਵਿਖਾਏ ਗ਼ਰੀਬੀ।

ਇਹ ਆਪਸ 'ਚ ਗੱਲ ਗੱਲ ਤੇ ਝਗੜੇ ਕਰਾਏ,
ਤੇ ਪਲ ਪਲ ਪਿਆਰਾਂ ਨੂੰ ਖਾਏ ਗ਼ਰੀਬੀ।

ਨਾ ਦਿਨ ਵਾਰ ਵੇਖੇ, ਨਾ ਵੇਲ਼ਾ ਕੁਵੇਲ਼ਾ,
ਤੇ ਬਦ-ਸ਼ਗਨੀਆਂ ਪਈ ਕਰਾਏ ਗ਼ਰੀਬੀ।

ਇਹ ਲੱਖਾਂ ਦੀ ਇੱਜ਼ਤ ਨੂੰ ਕੱਖਾਂ 'ਚ ਰੋਲੇ,
ਹਯਾ ਅੱਖੀਆਂ 'ਚੋਂ ਉਡਾਏ ਗ਼ਰੀਬੀ।

ਜਿੰਨ੍ਹਾਂ ਕਰਕੇ ਇਨਸਾਨ, ਇਨਸਾਨ ਹੁੰਦੈ,
ਉਹੋ ਫ਼ਰਜ਼ ਦਿਲ 'ਚੋਂ ਭੁਲਾਏ ਗ਼ਰੀਬੀ।

ਵਗਦੇ ਨੇ ਜਿਉਂ ਜਿਉਂ ਗ਼ਰੀਬਾਂ ਦੇ ਹੰਝੂ,
ਸਗੋਂ ਹੋਰ ਵੱਧ ਮੁਸਕਰਾਏ ਗ਼ਰੀਬੀ।

ਹੈ ਇਸ ਨੂੰ ਮਿਟਾਉਣਾ ਤਾਂ ਕੰਮ ਹੌਂਸਲੇ ਦਾ,
ਤੇ ਹਿੰਮਤੋਂ ਸਦਾ ਹਾਰ ਜਾਏ ਗ਼ਰੀਬੀ।

●

**ਚੌਂਦਾਂ**

❑

ਵੇਖ ਕੇ ਯਾਰ ਨੂੰ ਆਇਆਂ, ਇਹ ਜਲ ਗਈ ਯਾਰੋ।
ਪੈਂਦੀ ਪੈਂਦੀ ਹੀ ਜੋ, ਅੱਜ ਰਾਤ ਢਲ਼ ਗਈ ਯਾਰੋ।

ਪਏ ਨੇ ਪੈੜ ਤੇ ਉਸ ਦੀ, ਮੇਰੇ ਬੁੱਲ੍ਹਾਂ ਦੇ ਨਿਸ਼ਾਨ,
ਮੇਰੀ ਉਸ ਨਾਲ ਹੈ ਤਕਦੀਰ ਰਲ਼ ਗਈ ਯਾਰੋ।

ਨਾ ਪਰਤੀ ਹੋਸ਼ ਜੇ ਸਾਡੀ ਤਾਂ ਕੋਈ ਗ਼ਮ ਨਾ ਕਰੋ,
ਮੁੜੀ ਕਦੋਂ ਹੈ ਉਹ ਸੱਸੀ ਜੋ, ਥਲ ਗਈ ਯਾਰੋ।

ਬਲ਼ਦੀ ਪਲ਼ਦੀ ਸੀ ਵਫ਼ਾ ਜਿਸ ਦੀ ਮਰ ਗਈ ਇਕ ਦਿਨ,
ਮਰਦੀ ਮਰਦੀ ਵੀ ਉਹਦੀ ਯਾਦ ਪਲ਼ ਗਈ ਯਾਰੋ।

ਨਿਰੀ ਸ਼ਰਾਬ ਜੇ ਹੁੰਦੀ ਤਾਂ ਮੇਰੀ ਤੌਬਾ ਸੀ,
ਵੇਖ ਕੇ ਸਾਕੀ ਨੂੰ ਨੀਯਤ ਬਦਲ ਗਈ ਯਾਰੋ।

●

## ਪੰਦਰਾਂ

❑

ਸਦਾ ਜੋ ਦਿਲ 'ਚ ਵੱਸਦਾ ਹੈ, ਉਹੀ ਅੱਖਾਂ ਤੋਂ ਓਝਿਲ ਹੈ।
ਬਿਨਾਂ ਉਸ ਦੇ ਕੋਈ ਮਹਿਫ਼ਿਲ ਵੀ ਦੱਸੋ ਕਾਹਦੀ ਮਹਿਫ਼ਿਲ ਹੈ।

ਹਵਾ ਦੀ ਸਰਸਰਾਹਟ 'ਚੋਂ ਮੈਂ ਉਸ ਦੇ ਗੀਤ ਸੁਣਦਾ ਹਾਂ;
ਸਮਝਿਆ ਬਿਜਲੀਆਂ ਨੂੰ ਵੀ ਸਦਾ ਮੈਂ ਉਸਦਾ ਆਂਚਲ ਹੈ।

ਅਜਬ ਵੇਖੀ ਹੈ ਰੀਤੀ ਇਸ਼ਕ ਦੇ ਸਾਗਰ 'ਚ ਠਿੱਲ੍ਹਣ ਦੀ,
ਜੋ ਇਸ ਵਿਚ ਡੁੱਬ ਜਾਂਦਾ ਹੈ ਉਹ ਪਾਉਂਦਾ ਇਸ ਦਾ ਸਾਹਿਲ ਹੈ।

ਕੀ ਲੱਭਦਾ ਹੋਰ ਹੈਂ, ਪਾਗਲ ਮਨਾਂ, ਇਸ ਪਿਆਰ ਦੇ ਖੇਤੋਂ,
ਜੋ ਮਿਲਿਆ ਬੋਹਲ ਹੰਝੂਆਂ ਦਾ, ਉਹੀ ਤਾਂ ਇਸ ਦਾ ਹਾਸਿਲ ਹੈ।

ਹੈ ਬਿਜਲੀ ਚਾਹ ਰਹੀ ਇਸ ਵਿਚ ਬਸੇਰਾ ਆਪਣਾ ਕਰਨਾ,
ਬਚੂ ਇਹ ਆਲ੍ਹਣਾ ਅੱਜ ਵੀ ਨਜ਼ਰ ਆਉਂਦਾ ਇਹ ਮੁਸ਼ਕਿਲ ਹੈ।

ਜੇ ਪੱਥਰ ਤੋੜੀਏ, ਤਾਂ ਵੀ ਨਿਕਲ ਆਉਂਦੇ ਨੇ ਚੰਗਿਆੜੇ,
ਰਤਾ ਕੁਝ ਸੋਚ ਕੇ ਤੋੜੀਂ ਕਿ ਇਹ ਤਾਂ ਫੇਰ ਵੀ ਦਿਲ ਹੈ।

ਨਹੀਂ ਗ਼ਮ ਨਾ ਮਿਲਣ ਦਾ ਹੁਣ ਰਤਾ ਵੀ ਖਾਏਗਾ ਦਿਲ ਨੂੰ,
ਕਿ ਦਿਸਹੱਦੇ ਨੂੰ ਹੀ ਮੈਂ ਸਮਝਿਆ ਹੁਣ ਆਪਣੀ ਮੰਜ਼ਿਲ ਹੈ।

●

## ਸੋਲਾਂ

❑

ਤੇਰਾ ਮੁਸਕਰਾਣਾ ਤੇ ਮੁਸ਼ਕਿਲ ਨਹੀਂ ਹੈ।
ਮੇਰਾ ਦਿਲ ਜਲਾਣਾ ਤੇ ਮੁਸ਼ਕਿਲ ਨਹੀਂ ਹੈ।

ਬਿਨਾਂ ਇਸ ਦੇ ਮੈਨੂੰ ਨਾ ਕੁਛ ਯਾਦ ਆਏ,
ਤੇਰਾ ਗ਼ਮ ਭੁਲਾਣਾ ਤੇ ਮੁਸ਼ਕਿਲ ਨਹੀਂ ਹੈ।

ਛੁਪਾਣਾ ਹੀ ਔਖੈ, ਮੁਹੱਬਤ ਦੀ ਗੱਲ ਨੂੰ,
ਇਹਦਾ ਭੇਦ ਪਾਣਾ ਤੇ ਮੁਸ਼ਕਿਲ ਨਹੀਂ ਹੈ।

ਪੀ ਕੇ ਭਲਾ ਕਾਇਮ ਰਹਿਣਾ ਵੀ ਆਉਂਦੈ ?
ਨਿਰਾ ਲੜਖੜਾਣਾ ਤੇ ਮੁਸ਼ਕਿਲ ਨਹੀਂ ਹੈ।

ਮੁਸ਼ਕਿਲ ਹੈ ਸਾਡਾ ਹੀ ਹੁਣ ਲੈਣ ਜਾਣਾ,
ਤੇਰਾ ਪਰਤ ਆਣਾ ਤੇ ਮੁਸ਼ਕਿਲ ਨਹੀਂ ਹੈ।

ਜ਼ਰਾ ਸ਼ੌਂਕ ਹੈ ਦਿਲ ਗੁਆ ਕੇ ਰਹਿਣ ਦਾ,
ਇਹ ਲੱਭਣਾ ਲਭਾਣਾ ਤੇ ਮੁਸ਼ਕਿਲ ਨਹੀਂ ਹੈ।

ਤੇਰੇ ਪਾਸਿਓਂ ਇਹ ਹਟੇ ਹੀ ਤਾਂ ਲਾਵਾਂ,
ਕਿਤੇ ਦਿਲ ਲਗਾਣਾ ਤੇ ਮੁਸ਼ਕਿਲ ਨਹੀਂ ਹੈ।

ਜੋ ਉੱਠ ਕੇ ਹੈ ਝੁਕਿਆ, ਉਹ ਉੱਠਿਆ ਨਾ ਜਾਣੋ,
ਇਵੇਂ ਸਿਰ ਉਠਾਣਾ ਤੇ ਮੁਸ਼ਕਿਲ ਨਹੀਂ ਹੈ।

ਕਿਵੇਂ ਯਾਰ ਨੂੰ ਕਹਿ ਦਿਆਂ ਆਪਣਾ ਕਾਤਿਲ,
ਉਂਗਲੀ ਉਠਾਣਾ ਤੇ ਮੁਸ਼ਕਿਲ ਨਹੀਂ ਹੈ।

●

## ਸਤਾਰਾਂ

❑

ਜਦ ਵੀ ਆਏ ਨੇ, ਉਨ੍ਹਾਂ ਜਾਣ ਦੀ ਗੱਲ ਕੀਤੀ ਏ।
ਨਾ ਕਦੀ ਆਪਣੇ, ਮੇਰੇ, ਹਾਣ ਦੀ ਗੱਲ ਕੀਤੀ ਏ।

ਫੇਰ ਅੱਜ ਤੜਪਦੇ ਦਿਲ ਨੂੰ ਮੇਰੇ ਆਵੇਗਾ ਆਰਾਮ,
ਫੇਰ ਅੱਜ ਯਾਰ ਨੇ ਤੜਪਾਣ ਦੀ ਗੱਲ ਕੀਤੀ ਏ।

ਉਸ ਨੇ ਦਿਲ ਤੋੜ ਕੇ ਤੱਕਿਆ ਤੇ ਕਿਹਾ ਨਹੀਂ ਬਣਨਾ,
ਨਾਲ ਜਿਸ ਦੇ ਵੀ ਮੈਂ ਬਣਵਾਣ ਦੀ ਗੱਲ ਕੀਤੀ ਏ।

ਨਾਲ ਹੱਥਾਂ ਦੇ ਕਿਸੇ ਮੂੰਹ 'ਚ ਨਾ ਪਾਇਆ ਪਾਣੀ,
ਮੂੰਹ ਨਾਲ ਸਾਰਿਆਂ ਲੁਕਮਾਣ ਦੀ ਗੱਲ ਕੀਤੀ ਏ।

ਇਹ ਜੋ ਮੈਖ਼ਾਨੇ 'ਚ ਮੁੱਲਾਂ ਦਾ ਜ਼ਿਕਰ ਛਿੜਿਆ ਹੈ,
ਕਿਸੇ ਅਣਜਾਣ ਨੇ ਅਣਜਾਣ ਦੀ ਗੱਲ ਕੀਤੀ ਏ।

ਉਸ ਨੇ ਮੇਰੇ ਗ਼ਮ ਦੀ ਇਬਾਦਤ 'ਚ ਵਿਘਨ ਪਾਇਆ ਹੈ,
ਜਿਸ ਨੇ ਵੀ ਆਣ ਕੇ ਮੁਸਕਾਣ ਦੀ ਗੱਲ ਕੀਤੀ ਏ।

ਵੇਖ ਕੇ ਮੇਰਾ ਜਨਾਜ਼ਾ ਉਨ੍ਹਾਂ ਮੂੰਹ ਫੇਰ ਲਿਆ,
ਮੇਰੇ ਮਰ ਜਾਣ ਤੇ ਪਹਿਚਾਣ ਦੀ ਗੱਲ ਕੀਤੀ ਏ।

●

## ਅਠਾਰਾਂ

❑

ਸੁਰਾਹੀ ਧੌਣ, ਮੈਅ ਜੋਬਨ ਤੇ ਇੱਕ ਇੱਕ ਨੈਣ ਪੈਮਾਨਾ।
ਉਹ ਪੀਣੋਂ ਵਰਜਦੇ ਨੇ ਕਿਉਂ, ਬਣਾ ਕੇ ਆਪ ਮੈਖ਼ਾਨਾ।

ਲਾਰੇ ਲਾਉਣ ਤੋਂ ਚੰਗਾ ਹੈ ਕਿ ਇਨਕਾਰ ਕਰ ਦੇਵੋ,
ਐਵੇਂ ਕਰੋ ਨਾ ਲੰਮਾ ਮੁਹੱਬਤ ਦਾ ਇਹ ਅਫ਼ਸਾਨਾ।

ਇੱਕੋ ਦਿਲ ਸੀ, ਉਹ ਵੀ ਤੋੜ ਕੇ ਤੂੰ ਹੈ ਗਵਾ ਦਿੱਤਾ,
ਨਜ਼ਰ ਤੇਰੀ ਨੂੰ ਦੇਵਾਂ ਹੁਣ ਮੈਂ ਤਾਂ ਕੀ ਦੇਵਾਂ ਨਜ਼ਰਾਨਾ।

ਹੱਸੋ ਹੋਰ ਹੱਸੋ ਦੁਸ਼ਮਣੋਂ ਮੇਰੇ ਮੁਕੱਦਰ ਤੇ,
ਕਿ ਉਸ ਦਾ ਹੋਣ ਤੇ ਵੀ ਸਮਝਿਆ ਜਾਂਦਾ ਹਾਂ ਬੇਗਾਨਾ।

ਖ਼ੁਦਾ ਤੋਂ ਘੱਟ ਵੀ ਫਿਰ ਕਿਸ ਤਰ੍ਹਾਂ ਹੋਈ ਮੁਹੱਬਤ ਜੋ,
ਵੀਰਾਨੇ ਚਮਨ ਕਰ ਦੇਵੇ, ਚਮਨ ਨੂੰ ਕਰ ਦਏ ਵੀਰਾਨਾ।

ਸ਼ਮ੍ਹਾਂ ਦਾ ਦੋਸ਼ ਕੀ ਏ, ਜੋ ਵਿਚਾਰੀ ਆਪ ਸੜਦੀ ਏ,
ਕਿਸੇ ਨਹੀਂ ਸਾੜਿਆ ਇਸ ਨੂੰ, ਇਹ ਸੜਿਆ ਖ਼ੁਦ ਹੈ ਪਰਵਾਨਾ।

●

## ਉੱਨੀ

❑

ਜਦ ਕਦੇ ਉਸ ਬੇਵਫ਼ਾ ਦੇ ਹੁਣ ਸ਼ਹਿਰ ਜਾਵਾਂਗਾ ਮੈਂ।
ਕਿਸ ਨੂੰ ਆਪਣਾ ਕਹਿ ਸਕਾਂਗਾ, ਕਿਸ ਦੇ ਘਰ ਜਾਵਾਂਗਾ ਮੈਂ!

ਜਾਪਦੈ ਉਸ ਦੀ ਗਲੀ 'ਚੋਂ ਲੰਘ ਸਕੂੰ ਕੁਝ ਇਸ ਤਰ੍ਹਾਂ,
ਦੋ ਕਦਮ ਚੱਲਾਂਗਾ ਤੇ ਮੁੜ ਕੇ ਠਹਿਰ ਜਾਵਾਂਗਾ ਮੈਂ।

ਉੱਸ ਦੇ ਘਰ ਤੋਂ ਕਤਲਗਾਹ ਵਿਚਕਾਰ ਜਦ ਪਹੁੰਚਾਂਗਾ ਮੈਂ,
ਕੀ ਪਤੈ ਦਿਲ ਵਿਚ ਕੀ ਆਵੇ ਤੇ ਕਿਧਰ ਜਾਵਾਂਗਾ ਮੈਂ।

ਇਹ ਤਾਂ ਉਸ ਦਾ ਹੋ ਗਿਆ ਸੀ, ਫੇਰ ਕਿਉਂ ਹੈ ਮੇਰੇ ਕੋਲ,
ਜਾਂਦਾ ਜਾਂਦਾ ਦਿਲ, ਉਹਦੀ ਸਰਦਲ ਤੇ ਧਰ ਜਾਵਾਂਗਾ ਮੈਂ।

ਲੱਖ ਯਤਨ ਭਾਵੇਂ ਕਰਾਂਗਾ ਕਿ ਨਾ ਓਧਰ ਮੂੰਹ ਕਰਾਂ,
ਰਾਹ ਉਹਦੇ ਘਰ ਦਾ ਹੀ ਹੋਊ ਪਰ ਜਿਧਰ ਜਾਵਾਂਗਾ ਮੈਂ।

ਆਪਣੇ ਰਾਹਾਂ ਤੇ ਨਹੀਂ ਇੱਕ ਸੂਲ ਸਹਿ ਸਕਿਆ ਕਦੀ,
ਓਸਦੇ ਰਾਹਾਂ ਤੇ ਪਰ ਸੂਲੀ ਵੀ ਜਰ ਜਾਵਾਂਗਾ ਮੈਂ।

ਲੋਕ ਵੇਖਣਗੇ ਤਮਾਸ਼ਾ ਜੋ ਕਦੇ ਨਾ ਵੇਖਿਆ,
ਲਾਸ਼ ਆਪਣੀ ਹੀ ਉਠਾ ਕੇ ਜਦ ਗੁਜ਼ਰ ਜਾਵਾਂਗਾ ਮੈਂ।

●

## ਵੀਹ

❑

ਅੱਜ ਦੇ ਸੰਸਾਰ ਵਿੱਚ ਕੀ ਯਾਰ ਕਰ ਜਾਂਦੇ ਨੇ ਲੋਕ।
ਕਹਿਣ ਤੇ ਮਜਬੂਰ ਹਾਂ ਜੋ ਕਾਰ ਕਰ ਜਾਂਦੇ ਨੇ ਲੋਕ।

ਆਉਣ ਵੇਲੇ ਜ਼ਿੰਦਗੀ ਦੇ ਜਾਮ ਭਰ ਭਰ ਦੇਣ ਇਹ,
ਜਾਣ ਲੱਗਿਆਂ ਜੀਣ ਤੋਂ ਲਾਚਾਰ ਕਰ ਜਾਂਦੇ ਨੇ ਲੋਕ।

ਵੇਖਦੇ ਹੀ ਵੇਖਦੇ ਆਪਣੇ, ਬੇਗਾਨੇ ਹੋ ਗਏ,
ਸਮਝ ਨਹੀਂ ਆਉਂਦੀ ਕੀ ਟੂਣੇਹਾਰ ਕਰ ਜਾਂਦੇ ਨੇ ਲੋਕ।

ਲਾਰਿਆਂ ਵਿੱਚ ਬੀਤ ਜਾਵੇ ਜਦ ਕਿਸੇ ਦੀ ਜ਼ਿੰਦਗੀ,
ਮੌਤ ਮਗਰੋਂ ਆਉਣ ਦਾ ਇਕਰਾਰ ਕਰ ਜਾਂਦੇ ਨੇ ਲੋਕ।

ਨਫ਼ਰਤਾਂ ਦੀ ਇਸ ਫ਼ਿਜ਼ਾ ਵਿੱਚ ਜੰਮ ਕੇ ਹੋ ਕੇ ਜਵਾਨ,
ਦੇਵਤੇ ਹਨ ਉਹ ਕਿ ਜਿਹੜੇ ਪਿਆਰ ਕਰ ਜਾਂਦੇ ਨੇ ਲੋਕ।

ਦੱਸਦੇ ਨੇ ਹੱਦ-ਬੰਨੇ, ਦੇਸ ਤੇ ਪਰਦੇਸ ਇਹ,
ਧਰਤ ਦੇ ਵਿਹੜੇ 'ਚ ਵੀ ਦੀਵਾਰ ਕਰ ਜਾਂਦੇ ਨੇ ਲੋਕ।

ਬੀਤਿਆ ਹੈ ਉਹ ਸਮਾਂ ਜਦ ਜੰਗ ਕੇਵਲ ਜੰਗ ਸੀ,
ਅਮਨ ਦੇ ਨਾਂ ਤੇ ਵੀ ਹੁਣ ਤਾਂ ਵਾਰ ਕਰ ਜਾਂਦੇ ਨੇ ਲੋਕ।

ਲੁਕ ਲੁਕਾ ਕੇ ਹੋਣ ਜੋ ਗੱਲਾਂ ਨੇ ਉਹ ਕੁਝ ਡੂੰਘੀਆਂ,
ਮੌਤ ਤੱਕ ਹਰ ਗੱਲ ਸਰੇ-ਬਾਜ਼ਾਰ ਕਰ ਜਾਂਦੇ ਨੇ ਲੋਕ।

ਜਿਨਸ ਨਾਲੋਂ ਮੰਗ ਬਹੁਤੀ ਹੋ ਗਈ ਬਾਰੂਦ ਦੀ,
ਵੇਖੀਏ ਕਿੰਨਾ ਕੁ ਚਿਰ ਵਿਉਪਾਰ ਕਰ ਜਾਂਦੇ ਨੇ ਲੋਕ।

●

## ਇੱਕੀ

❑

ਏਨਾ ਕਠਿਨ ਹੈ ਉਸ ਦੀਆਂ ਯਾਦਾਂ ਨੂੰ ਟਾਲ਼ਣਾ।
ਜਿੰਨਾ ਕਠਿਨ ਹੈ ਚੜ੍ਹ ਰਹੇ ਸੂਰਜ ਨੂੰ ਢਾਲ਼ਣਾ।

ਅੱਜ ਫੇਰ, ਉਸ ਦੇ ਗ਼ਮ ਦੀਆਂ ਝੁੱਲੀਆਂ ਹਨ੍ਹੇਰੀਆਂ,
ਮੁੜ ਤਿਣਕੇ ਤਿਣਕੇ ਹੋ ਗਿਆ ਇਸ ਦਿਲ ਦਾ ਆਲ੍ਹਣਾ।

ਨਟ-ਖਟ ਜਦੋਂ ਵੀ ਚਾਹੁਣ ਇਹ ਡੰਗ ਦਿਲ ਤੇ ਲਾਉਂਦੀਆਂ,
ਯਾਦਾਂ ਦਾ ਘੱਲਣਾ ਵੀ ਹੈ ਨਾਗਾਂ ਦਾ ਪਾਲਣਾ।

ਨੀਵਾਂ ਸਮਝ ਕੇ ਪਿਆਰ ਨੂੰ ਠੁਕਰਾਉਣ ਵਾਲਿਓ,
ਇਸ ਪਿਆਰ ਦਾ ਹੀ ਨਾਮ ਹੈ 'ਜੁੱਗਾਂ ਦੀ ਘਾਲਣਾ'।

ਦਿਲ ਵਿੱਚ ਮਿਲਣ ਦੀ ਆਸ ਲੈ ਅੱਜ ਤੁਰ ਪਿਆ ਹਾਂ ਮੈਂ,
ਹੇ ਵਕਤ ਆਪਣੀ ਕੈਦ ਵਿੱਚ ਮੈਨੂੰ ਨਾ ਭਾਲਣਾ।

ਓਸੇ ਸਮੇਂ ਹੀ ਆਣ ਕੇ ਤੂਫ਼ਾਨ ਜਾਗ ਪਏ,
ਚਾਹਿਆ ਜਦੋਂ ਵੀ ਹੈ ਅਸਾਂ ਕੋਈ ਦੀਪ ਬਾਲਣਾ।

●

## ਬਾਈ

❑

ਪਾਈ ਅਸਲ 'ਚ ਓਸ ਹੀ ਇਨਸਾਨ ਜ਼ਿੰਦਗੀ।
ਸਮਝੀ ਹੈ ਜਿਸਨੇ ਆਪਣਾ ਈਮਾਨ ਜ਼ਿੰਦਗੀ।

ਦੁੱਖ ਸੁਖ, ਖ਼ੁਸ਼ੀ ਗ਼ਮੀ ਦੀ ਹੈ ਧੁੱਪ ਛਾਂ ਜਿਹੀ ਖੇਡ ਇਹ,
ਹੰਝੂ ਕਦੀ ਤੇ ਹੈ ਕਦੀ ਮੁਸਕਾਨ ਜ਼ਿੰਦਗੀ।

ਦੇਂਦੀ ਓਦੋਂ ਪਛਾੜ ਹੈ ਇਹ ਮੌਤ ਪੀੜ ਨੂੰ,
ਬਣਦੀ ਜਦੋਂ ਹੈ ਆਣ ਕੇ ਤੂਫ਼ਾਨ ਜ਼ਿੰਦਗੀ।

ਮਰ ਗਏ ਕਿਸੇ ਦਾ ਸਾਥ ਵੀ ਪਾਲ਼ੇ ਕਦੇ ਕਦੇ,
ਜੀਊਂਦੇ ਕਿਸੇ ਦਾ ਬਣ ਗਈ ਅਰਮਾਨ ਜ਼ਿੰਦਗੀ।

ਕਿਉਂ ਇਸਨੂੰ ਅਪਣੇ ਆਪ ਤੋਂ ਵਿਸ਼ਵਾਸ ਉੱਠ ਰਿਹੈ,
ਪੈਦਾ ਕਰੇ ਪਈ ਮੌਤ ਦੇ ਸਾਮਾਨ ਜ਼ਿੰਦਗੀ।

ਸਾਡੀ ਅਕਲ ਦੇ ਕੋਹਝ ਨੇ ਇਸ ਨੂੰ ਸਰਾਪਿਆ,
ਕੁਦਰਤ ਦਾ ਸੀ ਮਹਾਨ ਇਹ ਵਰਦਾਨ ਜ਼ਿੰਦਗੀ।

●

## ਤੇਈ

❑

ਗ਼ਮ ਹੀ ਬਣੇ ਨੇ ਪਿਆਰ ਦੇ ਗਵਾਹ ਬਾਰ ਬਾਰ।
ਹਰ ਸਾਹ ਬਣ ਕੇ ਰਹਿ ਗਿਆ ਇੱਕ ਆਹ ਬਾਰ ਬਾਰ।

ਪਲ ਪਲ ਚੁਰਾਈ ਜਾਏਗੀ, ਸਾਨੂੰ ਸੀ ਕੀ ਪਤਾ,
ਮਿਲਦੀ ਰਹੀ ਸੀ ਜੋ ਕਦੀ ਨਿਗਾਹ ਬਾਰ ਬਾਰ।

ਉਸਦੇ ਸ਼ਹਿਰ 'ਚੋਂ ਲੰਘਦਿਆਂ ਕਿਉਂ ਮੇਰੇ ਰਾਹ ਤੇ,
ਆਇਆ ਭਲਾ ਹੈ ਦੋਸਤੋ ਇੱਕ ਰਾਹ ਬਾਰ ਬਾਰ।

ਜਿਸ ਦਿਨ ਦਾ ਕੋਈ ਤੋੜ ਕੇ ਹੈ ਦਿਲ ਚਲਾ ਗਿਆ,
ਸੁਣਦੇ ਹਾਂ ਆਪਣੀ ਮੌਤ ਦੀ ਅਫ਼ਵਾਹ ਬਾਰ ਬਾਰ।

ਹਾਏ ! ਰਕੀਬ ਕਿਸ ਤਰ੍ਹਾਂ ਚੁੱਪ-ਚਾਪ ਕਹਿ ਗਿਆ,
ਕੀਤੀ ਅਸਾਂ ਜੋ ਕਹਿਣ ਦੀ ਸਲਾਹ ਬਾਰ ਬਾਰ।

ਆਈ ਨਾ ਕੋਈ ਈਦਗਾਹ ਕਦੀ ਰਾਹ ਪਿਆਰ ਤੇ,
ਲੰਘਦਾ ਰਿਹਾ ਹੈ ਹੋ ਕੇ ਕਤਲਗਾਹ ਬਾਰ ਬਾਰ।

ਨਿਕਲੇ ਘਰੋਂ ਅਸੀਂ ਹੀ ਸਾਂ ਡੁੱਬਣ ਦੀ ਠਾਣ ਕੇ,
ਐਵੇਂ ਪੁਕਾਰਦੇ ਰਹੇ ਮਲਾਹ ਬਾਰ ਬਾਰ।

ਸੁਣਿਓਂ ਸਮੇਂ ਦੇ ਵਾਰਸੋ ਜੇ ਪਿਆਰ ਹੈ ਗੁਨਾਹ,
ਕਰਨਾ ਅਸਾਂ ਹੈ ਫੇਰ ਇਹ ਗੁਨਾਹ ਬਾਰ ਬਾਰ।

ਬਦਲਣਗੇ ਰੁਖ਼ ਤੂਫ਼ਾਨ ਦਾ ਇੱਕ ਦਿਨ ਤਾਂ ਉਹ ਕਦੀ,
ਕੀਤਾ ਜਿੰਨ੍ਹਾਂ ਨੂੰ ਏਸ ਨੇ ਤਬਾਹ ਬਾਰ ਬਾਰ।

●

## ਚੌਂਵੀ

❑

ਇਕ ਦਿਨ ਟਿਕਾਣੇ ਪਹੁੰਚ ਗਏ ਜਿਹੜੇ ਤੁਰੇ ਰਹੇ।
ਉਹ ਵੇਖਦੇ ਹੀ ਰਹਿ ਗਏ ਜੋ ਵੇਖਦੇ ਰਹੇ।

ਕਈ ਵੇਰ ਮਰ ਕੇ ਜੀਉਣ ਦੇ ਸੁਪਨੇ ਲਏ ਅਸਾਂ,
ਕਈ ਵੇਰ ਉਸ ਦੇ ਪਿਆਰ ਵਿੱਚ ਜੀਊਂਦੇ ਮਰੇ ਰਹੇ।

ਜੀਵਨ ਅਸਾਂ ਗੁਜ਼ਾਰਿਆ ਉਨ੍ਹਾਂ ਨੂੰ ਛੂਹਣ ਲਈ,
ਐਪਰ ਦੁਮੇਲ ਵਾਂਗ ਉਹ ਸਾਥੋਂ ਪਰੇ ਰਹੇ।

ਰੱਖੇ ਆਦਰਸ਼ ਨੇ ਜਿੰਨ੍ਹਾਂ ਉੱਚੇ ਅਕਾਸ਼ ਤੋਂ,
ਉਨ੍ਹਾਂ ਦੇ ਰਾਹ ਤੇ ਹੀ ਸਦਾ ਤਾਰੇ ਝੁਕੇ ਰਹੇ।

ਜੀਵਨ ਹੈ ਨਾਮ ਜ਼ਿੰਦਗੀ ਜੀਅ ਭਰ ਕੇ ਜੀਣ ਦਾ,
ਮੋਇਆਂ 'ਚ ਹੀ ਸ਼ੁਮਾਰ ਨੇ ਜੋ ਸਹਿਕਦੇ ਰਹੇ।

ਦੱਸੀਂ ਜ਼ਰਾ ਐ ਸ਼ੈਖ ਤੂੰ ਸਾਨੂੰ ਤੇ ਖ਼ਬਰ ਨਹੀਂ,
ਮਸਜਿਦ 'ਚ ਰਹੇ ਰਾਤ ਹਾਂ ਜਾਂ ਮੈਅ-ਕਦੇ ਰਹੇ।

ਦੇਂਦੀ ਹੈ ਦੁਨੀਆਂ ਹੌਂਸਲਾ ਦਿਲ ਦੇ ਬੀਮਾਰ ਨੂੰ,
ਉਸ ਦੇ ਬਗ਼ੈਰ ਦਿਲ ਭਲਾ ਕਿਸ ਹੌਂਸਲੇ ਰਹੇ।

ਚਮਕੀ ਸਵੇਰ, ਨਾ ਕਦੇ, ਰਾਤਾਂ ਹਨ੍ਹੇਰੀਆਂ,
ਸਾਡੇ ਪਿਆਰ ਤੇ ਤਾਂ ਸਦਾ ਘੁਸਮੁਸੇ ਰਹੇ।

ਉਹ ਆਸ਼ਿਆਨੇ ਬਣ ਗਏ ਚੰਨ ਤਾਰਿਆਂ ਦਾ ਰੂਪ,
ਜਿਹੜੇ ਨਿਧੜਕ ਬਿਜਲੀਆਂ ਵੱਲ ਵੇਖਦੇ ਰਹੇ।

●

## ਪੰਛੀ

❑

ਮੌਤ ਦਾ ਡਰ ਕੀ ਭਲਾ ਹੋਵੇਗਾ ਉਸ ਹੱਯਾਤ ਨੂੰ।
ਹੱਸ ਕੇ ਜੋ ਸਹਿੰਦੀ ਆਈ ਹੈ ਪਲ ਪਲ ਤੇ ਆਤਮਘਾਤ ਨੂੰ।

ਜੀਉਣ ਨੂੰ ਹੀ ਜ਼ਿੰਦਗੀ ਦਾ ਨਾਮ ਦੇਵਣ ਵਾਲਿਓ,
ਤਰਸਦਾ ਮੋਇਆ ਹਾਂ ਮੈਂ ਤੇ ਜ਼ਿੰਦਗੀ ਦੀ ਝਾਤ ਨੂੰ।

ਉਸ ਦਿਆਂ ਰਾਹਾਂ ਦੀ ਹਾਲੇ ਧੂੜ ਉੱਡਦੀ ਰਹਿਣ ਦਏ,
ਲੋੜ ਨਹੀਂ ਕਣੀਆਂ ਦੀ ਸਾਨੂੰ, ਕਹਿ ਦਿਓ ਬਰਸਾਤ ਨੂੰ।

ਰਾਤ ਦੀ ਕਾਲਖ਼ ਤੇ ਭਾਵੇਂ ਰੋਜ਼ ਹੱਸ ਛੱਡਦੀ ਹੈ ਇਹ,
ਇਸ ਦੀਆਂ ਰੰਗੀਨੀਆਂ ਦਾ ਕੀ ਪਤੈ ਪ੍ਰਭਾਤ ਨੂੰ।

ਯਾਦ ਦੀ ਬੱਦਲੀ 'ਤਕਾਲਾਂ ਤੋਂ ਹੈ ਦਿਲ ਤੇ ਛਾ ਰਹੀ,
ਇੰਜ ਲੱਗਦਾ ਏ ਕਿ ਅੱਖੀਆਂ ਨੇ ਹੈ ਵੱਸਣਾ ਰਾਤ ਨੂੰ।

●

## ਛੱਬੀ

❑

ਦਿਲ ਫੂਕਦਾ ਹੈ ਮੇਰਾ ਕਿਉਂ ਸੋਚ ਦਾ ਸ਼ਰਾਰਾ।
ਹੱਸ ਕੇ ਨਹੀਂ ਤਾਂ ਰੋ ਕੇ ਹੋ ਜਾਏਗਾ ਗੁਜ਼ਾਰਾ।

ਸੋਚਾਂ ਤਿਆਗ, ਸੋਹਣੀ, ਜੇ ਨਾ ਝਨਾਂ 'ਚ ਠਿੱਲ੍ਹਦੀ,
ਹੁਣ ਤੀਕ ਯਾਦ ਕਰਦਾ ਕਿੰਜ ਫਿਰ ਜਹਾਨ ਸਾਰਾ।

ਲੁੱਡਣ ਨੇ ਫੜ ਕੇ ਬਾਹੋਂ ਬੇੜੀ ਬਿਠਾ ਲਿਆ ਤਦ,
ਰਾਂਝਾ ਜਾਂ ਠਿੱਲ੍ਹ ਤੁਰਿਆ ਲਹਿਰਾਂ 'ਚ ਬੇ-ਸਹਾਰਾ।

ਇੱਕ ਲੀਕ, ਬਣ ਪੁਜਾਰੀ, ਉਹਦੀ ਪੈੜ ਚੁੰਮਦੀ ਏ,
ਜਦ ਵੀ ਅਕਾਸ਼ ਵਿਚੋਂ ਟੁੱਟਦੈ ਕੋਈ ਸਿਤਾਰਾ।

ਆਖ਼ਰ ਮੁਹਾਰ ਉਸ ਦੀ ਆਉਂਦੀ ਹੈ ਹੱਥ ਕਿਸੇ ਦੇ ,
ਹੋ ਜਾਏ ਭਾਵੇਂ ਕੋਈ ਕਿੰਨਾ ਵੀ ਬੇ-ਮੁਹਾਰਾ।

ਹੈਰਾਨ ਹੋ ਗਿਆ ਮੈਂ ਤੱਕਿਆ ਜਦੋਂ ਨਚਾਉਂਦਾ,
ਦੁਨੀਆਂ ਦੇ ਇਸ਼ਕ ਤਾਈਂ ਇੱਕ ਹੁਸਨ ਦਾ ਇਸ਼ਾਰਾ।

ਕੰਢੇ ਤੇ ਪਹੁੰਚ ਕੇ ਤਾਂ ਜਾਂਦੀ ਏ ਅਟਕ ਬੇੜੀ,
ਗ਼ਮ ਇਸ ਲਈ ਨਹੀਂ ਕਿ ਮਿਲਿਆ ਨਹੀਂ ਕਿਨਾਰਾ।

●

## ਸਤਾਈ

❑

ਮੁਹੱਬਤ ਦੇ ਜੇ ਦੀਪ ਬਾਲ਼ੇ ਨਾ ਜਾਂਦੇ।
ਤਾਂ ਰਾਹ ਜ਼ਿੰਦਗੀ ਦੇ ਉਜਾਲ਼ੇ ਨਾ ਜਾਂਦੇ।

ਬੜੇ ਕੀਮਤੀ ਨੇ ਮੇਰੇ ਦਾਗ਼ ਦਿਲ ਦੇ,
ਤਦੇ ਤਾਂ ਕਿਸੇ ਨੂੰ ਦਿਖਾਲ਼ੇ ਨਾ ਜਾਂਦੇ।

ਲਿਆ ਨਾਗ ਜ਼ੁਲਫ਼ਾਂ ਦੇ ਦਿਲ ਤੇ ਲੜਾ ਲਾਂ,
ਇਹ ਲੱਗਦੈ ਕਿ ਤੈਥੋਂ ਸੰਭਾਲ਼ੇ ਨਾ ਜਾਂਦੇ।

ਮੇਰੇ ਪਿਆਰ ਦੀ ਹੋਰ ਹੁੰਦੀ ਕਹਾਣੀ,
ਘੜੀ ਦੋ ਘੜੀ ਜੇ ਉਹ ਹਾਲੇ ਨਾ ਜਾਂਦੇ।

ਬੜੀ ਖ਼ੂਬਸੂਰਤ ਸੀ ਸ਼ੈਅ ਜ਼ਿੰਦਗੀ ਇਹ,
ਗ਼ਮਾਂ ਦੇ ਜੇ ਕੀਤੇ ਹਵਾਲੇ ਨਾ ਜਾਂਦੇ।

ਮੇਰੀ ਪਿਆਸ ਏਨੀ ਭੜਕਦੀ ਕਦੀ ਨਾ,
ਜੇ ਗ਼ੈਰਾਂ ਦੇ ਸਾਗਰ ਉਛਾਲ਼ੇ ਨਾ ਜਾਂਦੇ।

ਜੀਉਂਦੇ ਹੀ ਬਹਿ ਗਏ ਸਾਂ ਜੰਨਤ 'ਚ ਜਾ ਕੇ,
ਤੇਰੇ ਦਰ ਤੋਂ ਜੇਕਰ ਉਠਾਲ਼ੇ ਨਾ ਜਾਂਦੇ।

ਉਨ੍ਹਾਂ ਰਸਤਿਆਂ ਤੋਂ ਹੀ ਮੰਜ਼ਿਲ ਹੈ ਸਾਡੀ,
ਜਿੰਨ੍ਹਾਂ ਤੇ ਕਦੇ ਹੋਸ਼ ਵਾਲ਼ੇ ਨਾ ਜਾਂਦੇ।

●

## ਅਠਾਈ

❑

ਇਸ਼ਕ ਵਿੱਚ ਸ਼ਰਮਾਣ ਦੀ ਆਦਤ ਨਹੀਂ।
ਦਿਲ ਤੇ ਪਹਿਰੇ ਲਾਣ ਦੀ ਆਦਤ ਨਹੀਂ।

ਕਿੰਜ ਹੁਣ ਖ਼ੁਸ਼ੀਆਂ ਨੂੰ ਮੈਂ ਗਲ਼ ਲਾ ਲਵਾਂ,
ਲੈ ਕੇ ਗ਼ਮ ਪਰਤਾਣ ਦੀ ਆਦਤ ਨਹੀਂ।

ਜਾ ਤੇ ਸਕਦਾ ਹਾਂ ਉਹਦੀ ਮਹਿਫ਼ਿਲ 'ਚ ਮੈਂ,
ਬਿਨ ਬੁਲਾਏ ਜਾਣ ਦੀ ਆਦਤ ਨਹੀਂ।

ਦੁਸ਼ਮਣੀ ਹੋਵੇ ਤਾਂ ਕੋਈ ਚਾਰਾ ਕਰਾਂ,
ਦੋਸਤੀ ਅਜ਼ਮਾਣ ਦੀ ਆਦਤ ਨਹੀਂ।

ਦਿਲ ਦੀ ਗੱਲ ਬੁੱਲ੍ਹਾਂ ਤੋਂ ਆ ਕੇ ਮੁੜ ਗਈ,
ਬੋਲ ਕੇ ਸਮਝਾਣ ਦੀ ਆਦਤ ਨਹੀਂ।

ਉਸ ਦੀਆਂ ਜ਼ੁਲਫ਼ਾਂ ਦੇ ਕਿਹੜੇ ਨਾਗ ਨੂੰ,
ਦੂਰ ਤੋਂ ਡੱਸ ਜਾਣ ਦੀ ਆਦਤ ਨਹੀਂ!

ਰੋਣ ਤੇ ਵੀ ਨੇ ਮੇਰੇ ਪਾਬੰਦੀਆਂ,
ਹੱਸ ਕੇ ਦਿਲ ਪਰਚਾਣ ਦੀ ਆਦਤ ਨਹੀਂ।

ਖ਼ੂਬਸੂਰਤ ਹੀ ਮੈਂ ਕਰਦਾ ਹਾਂ ਗੁਨਾਹ,
ਇਸ ਲਈ ਬਖ਼ਸ਼ਾਣ ਦੀ ਆਦਤ ਨਹੀਂ।

ਤੋੜਿਓ ਨਾ ਦਿਲ ਕਿ ਸਾਨੂੰ ਸ਼ੈਅ ਕੋਈ,
ਤੋੜ ਕੇ ਬਣਵਾਣ ਦੀ ਆਦਤ ਨਹੀਂ।

ਪਿਆਰ ਹੀ ਉਹ ਫੁੱਲ ਹੈ ਖਿੜ ਕੇ ਜ੍ਹਿਨੂੰ,
ਫਿਰ ਕਦੇ ਕੁਮਲਾਣ ਦੀ ਆਦਤ ਨਹੀਂ।

ਪੀਣ ਦਾ ਹੈ ਸ਼ੌਕ ਮੈਨੂੰ ਵੀ ਬੜਾ,
ਜਾਮ ਪਰ ਛਲਕਾਣ ਦੀ ਆਦਤ ਨਹੀਂ।

ਲੈਣ ਆਈ ਮੌਤ ਨੂੰ ਮੋੜਾਂ ਕਿਵੇਂ,
ਆਰਜ਼ੂ ਠੁਕਰਾਣ ਦੀ ਆਦਤ ਨਹੀਂ।

●

## ਉਨੱਤੀ

❑

ਜਾਗੋ ! ਕਿ ਸਮਾਂ ਉੱਜਲੇ ਸੰਗਰਾਮ ਦਾ ਆਇਆ ਏ।
ਰਾਹਾਂ ਨੂੰ ਲਿਤਾੜੋ ਕਿ ਮੰਜ਼ਿਲ ਨੇ ਬੁਲਾਇਆ ਏ।

ਜੀਵਨ ਦੇ ਸ਼ਿਵਾਲੇ ਵਿਚ ਪ੍ਰਵਾਨ ਨੇ ਹੁਣ ਖ਼ੁਸ਼ੀਆਂ,
ਗ਼ਮ ਚੀਜ਼ ਪੁਰਾਣੀ ਏਂ, ਗ਼ਮ ਬਹੁਤ ਹੰਢਾਇਆ ਏ।

ਓ ਨੈਣਾਂ ਦੇ ਵਣਜਾਰੇ ਇੱਕ ਗੱਲ ਸਮਝਾਉਂਦਾ ਜਾ,
ਪਲਕਾਂ ਦੀਆਂ ਨੋਕਾਂ ਤੇ ਅੱਥਰੂ ਕਿਉਂ ਆਇਆ ਏ ?

ਅੱਜ ਕੋਈ ਕਿਸੇ ਦੇਸ਼ ਅੰਦਰ ਭੁੱਖ ਨਾਲ ਹੈ ਕਿਉਂ ਮੋਇਆ ?
ਅਤੇ ਕਿਸ ਨੇ ਮੁਨਾਫ਼ੇ ਲਈ ਅਜੇ ਅੰਨ ਲੁਕਾਇਆ ਏ।

ਧਰਤੀ ਦਿਆਂ ਜਾਇਆਂ ਲਈ ਮੁਸ਼ਕਿਲ ਵੀ ਭਲਾ ਕੀ ਏ,
ਬਲਵਾਨ ਦਿਲਾਂ ਨੇ ਤਾਂ ਅਸਮਾਨ ਝੁਕਾਇਆ ਏ।

ਕਾਹਦੀ ਹੈ ਉਹ ਫੁਲਵਾੜੀ ਕਿ ਜਿਸ ਦੇ ਖੇਤਰ ਵਿਚ,
ਇੱਕ ਫੁੱਲ ਪਿਆ ਹੱਸਦਾ ਏ, ਇੱਕ ਫੁੱਲ ਕੁਮਲਾਇਆ ਏ।

ਉਸ ਦਿਲ ਨੂੰ ਨਾ ਦਿਲ ਆਖੋ, ਕੋਈ ਪੱਥਰ ਗੀਟਾ ਹੈ,
ਜਿਸ ਦਿਲ 'ਚ ਮਨੁੱਖਤਾ ਲਈ ਨਾ ਦਰਦ ਸਮਾਇਆ ਏ।

●

## ਤੀਹ

❑

ਦੋ ਕਦਮ ਅੱਜ ਮੈਂ ਉਨ੍ਹਾਂ ਦੇ ਨਾਲ ਜਾ ਕੇ ਵੇਖਿਆ।
ਕੀ ਕਹਾਂ, ਸਹੁੰ ਰੱਬ ਦੀ, ਜੰਨਤ ਪੈਰ ਪਾ ਕੇ ਵੇਖਿਆ।

ਦੇ ਦਏ ਉੱਤਰ ਜਿਵੇਂ ਕੋਈ ਬੁੱਝ ਕੇ ਦਿਲ ਦਾ ਸੁਆਲ,
ਇਸ ਤਰ੍ਹਾਂ ਉਨ੍ਹਾਂ ਮੇਰੇ ਵੱਲ ਮੁਸਕਰਾ ਕੇ ਵੇਖਿਆ।

ਝੋਲ ਉਸਦੀ ਵਿੱਚ ਵੀ ਕਿਤਿਓਂ ਪੈ ਤਾਂ ਸਕਦਾ ਰਤਾ,
ਪਿਆਰ ਜਿਸ ਨੇ ਜ਼ਿੰਦਗੀ ਭਰ ਹੋਏ ਲੁਟਾ ਕੇ ਵੇਖਿਆ।

ਕੀ ਪਤੈ ਹੋਏ ਲਹਿਣ ਲੱਗਾ ਹਾਰ ਕੇ ਆਪੇ ਗਲ਼ੋਂ,
ਗ਼ਮ ਉਮਰ ਸਾਰੀ ਹੈ ਜਿਹੜਾ ਮੈਂ ਹੰਢਾ ਕੇ ਵੇਖਿਆ।

ਸੀਤਿਆਂ ਬੁੱਲ੍ਹਾਂ ਨੂੰ ਜਿਹੜਾ ਛੂਹ ਕੇ ਮੁੜ ਜਾਂਦਾ ਰਿਹਾ,
ਆਤਮਾ ਮੇਰੀ ਨੇ ਅੱਜ ਉਹ ਗੀਤ ਗਾ ਕੇ ਵੇਖਿਆ।

ਮਨ ਮੇਰਾ ਅੱਜ ਤੱਕ ਕਦੇ ਨਾ ਸ਼ਾਂਤ ਸੀ ਜਿੰਨਾਂ ਕਿ ਅੱਜ,
ਤੀਰਥਾਂ ਤੇ ਮੈਂ ਅਨੇਕਾਂ ਵਾਰ ਨ੍ਹਾ ਕੇ ਵੇਖਿਆ।

ਪਾ ਰਹੇ ਗਲਵਕੜੀਆਂ ਸਨ ਸਾਡੇ ਪੈਰਾਂ ਦੇ ਨਿਸ਼ਾਨ,
ਜਦ ਪਿਛਾਂਹ ਨੂੰ ਮੈਂ ਰਤਾ ਕੁ ਮੂੰਹ ਭੁਆਂ ਕੇ ਵੇਖਿਆ।

●

## ਇਕੱਤੀ

❑

ਰਾਤਾਂ ਨੂੰ ਦਿਨ ਬਣਾਉਂਦੀਆਂ, ਯਾਦਾਂ ਕਿਸੇ ਦੀਆਂ।
ਸੂਰਜ ਨਵੇਂ ਚੜ੍ਹਾਉਂਦੀਆਂ, ਯਾਦਾਂ ਕਿਸੇ ਦੀਆਂ।

ਉਪਵਨ ਕੋਈ ਬਹਾਰ ਵਿੱਚ ਸਜਦਾ ਹੈ ਜਿਸ ਤਰ੍ਹਾਂ,
ਦਿਲ ਨੂੰ ਇਵੇਂ ਸਜਾਉਂਦੀਆਂ, ਯਾਦਾਂ ਕਿਸੇ ਦੀਆਂ।

ਝੱਲਣਾ ਕਠਿਨ ਹੈ ਰੂਪ ਵੀ ਇਨ੍ਹਾਂ ਦਾ ਉਸ ਸਮੇਂ,
ਹੰਝੂਆਂ 'ਚ ਜਦ ਨਹਾਉਂਦੀਆਂ ਯਾਦਾਂ ਕਿਸੇ ਦੀਆਂ।

ਭੈੜੀ ਨਜ਼ਰ ਕਿਸੇ ਦੀ ਨਾ ਇਨ੍ਹਾਂ ਨੂੰ ਖਾ ਲਵੇ,
ਲੁਕ ਲੁਕ ਤਦੇ ਨੇ ਆਉਂਦੀਆਂ ਯਾਦਾਂ ਕਿਸੇ ਦੀਆਂ।

ਕੋਈ ਭੁਲਾ ਕੇ ਪਿਆਰ ਨੂੰ ਭਾਵੇਂ ਚਲਾ ਗਿਐ,
ਮੁੜ ਮੁੜ ਕੇ ਸਾਂਝ ਪਾਉਂਦੀਆਂ ਯਾਦਾਂ ਕਿਸੇ ਦੀਆਂ।

ਪਰੀਆਂ ਦੇ ਵਾਂਗ ਆਣ ਕੇ ਮੇਰੇ ਦਿਲ ਦੇ ਖੂਹ ਤੇ,
ਨਿੱਤ ਨੱਚਦੀਆਂ ਤੇ ਗਾਉਂਦੀਆਂ ਯਾਦਾਂ ਕਿਸੇ ਦੀਆਂ।

ਰੁੱਸ ਕੇ ਅਸਾਂ ਦੇ ਨਾਲ ਤਾਂ ਤੁਰ ਗਈ ਸੀ ਜ਼ਿੰਦਗੀ,
ਆ ਕੇ ਨਾਲੇ ਮਨਾਉਂਦੀਆਂ, ਯਾਦਾਂ ਕਿਸੇ ਦੀਆਂ।

ਸ਼ਿਕਵਾ ਕਰਾਂ ਮੈਂ ਕਿਉਂ ਭਲਾ ਉਸ ਬੇ-ਵਫ਼ਾ ਤੇ ਫੇਰ,
ਜਦ ਨੇ ਵਫ਼ਾ ਨਿਭਾਉਂਦੀਆਂ ਯਾਦਾਂ ਕਿਸੇ ਦੀਆਂ।

ਕੱਟਣੀ ਜਿੰਨ੍ਹਾਂ ਦੇ ਆਸਰੇ ਆਪਾਂ ਹੈ ਜ਼ਿੰਦਗੀ,
ਜੰਮ ਜੰਮ ਉਹ ਰਹਿਣ ਆਉਂਦੀਆਂ, ਯਾਦਾਂ ਕਿਸੇ ਦੀਆਂ।

ਚਾਹਿਆ ਕਦੇ ਜਿੰਨ੍ਹਾਂ ਨੂੰ ਮੈਂ ਲਿਖਣਾ ਸੀ ਬਾਰ ਬਾਰ,
ਉਹ ਗੀਤ ਨੇ ਲਿਖਾਉਂਦੀਆਂ, ਯਾਦਾਂ ਕਿਸੇ ਦੀਆਂ।
●

## ਬੱਤੀ

❑

ਗ਼ਮਾਂ ਵਾਲੀ ਕਮਾਲ ਹੋ ਗਈ ਏ।
ਖ਼ੁਸ਼ੀ ਮੇਰਾ ਸੁਆਲ ਹੋ ਗਈ ਏ।

ਇੰਜ ਲੱਗਦੈ ਕਿ ਸਿਮਟ ਕੇ ਦੁਨੀਆਂ,
ਬੱਸ, ਉਸ ਦਾ ਖ਼ਿਆਲ ਹੋ ਗਈ ਏ।

ਪੀੜ ਸੀ ਜੋ ਕਦੀ ਜ਼ਮਾਨੇ ਦੀ,
ਉਹ ਆਪਣਾ ਹੀ ਮਾਲ ਹੋ ਗਈ ਏ।

ਹੋਸ਼ ਹੁੰਦਿਆਂ ਵੀ ਪਿਆਰ-ਤਾਲ ਬਿਨਾਂ,
ਸਾਰੀ ਦੁਨੀਆਂ ਬੇ-ਤਾਲ ਹੋ ਗਈ ਏ।

ਸੁਣ ਰਹੀ ਹੈ ਮੇਰੀ ਸਦਾਅ ਮੈਨੂੰ,
ਕੌਣ ਕਹਿੰਦੈ ਨਿਢਾਲ ਹੋ ਗਈ ਏ।

ਵੇਖ ਕੇ ਖੁਸ਼ ਉਨ੍ਹਾਂ ਨੂੰ ਖਵਰੇ ਕਿਉਂ,
ਮੰਗ ਸਾਡੀ ਵਿਸ਼ਾਲ ਹੋ ਗਈ ਏ।

ਜਾਨ ਬੁੱਲ੍ਹਾਂ ਤੇ ਅੜ ਕੇ ਬੈਠੀ ਏ,
ਵੇਖੋ ਇਹ ਵੀ ਦਿਆਲ ਹੋ ਗਈ ਏ।

ਜਲ ਗਿਆ ਹੈ ਸਗੋਂ ਕੀ ਦਿਲ ਮੇਰਾ?
ਰੌਸ਼ਨੀ ਕਾਹਦੇ ਨਾਲ ਹੋ ਗਈ ਏ।

ਰਾਤ ਸ਼ਬਨਮ ਭਲਾ ਕਿਉਂ ਰੋਂਦੀ ਸੀ,
ਕੀ ਉਹ ਮੇਰੀ ਭਿਆਲ਼ ਹੋ ਗਈ ਏ?

●

## ਤੇਤੀ

❑

ਕੋਈ ਇਹ ਕਰਾਮਾਤ ਕਰਕੇ ਵਿਖ਼ਾਲ਼ੇ।
ਕਿ ਦਿਲ ਹੈ ਸਲਾਮਤ, ਬਦਨ ਛਾਲੇ ਛਾਲੇ।

ਬੁਝਦੇ ਕਦੋਂ ਨੇ ਹਵਾਵਾਂ ਤੋਂ ਜਿਹੜੇ,
ਦੀਪਕ ਨੇ ਹੱਥੀਂ ਤੂਫ਼ਾਨਾਂ ਨੇ ਬਾਲ਼ੇ।

ਜ਼ੁਲਮ ਥੱਕ ਗਿਆ ਹੈ, ਕਹਿਰ ਹੁੱਸ ਗਿਆ ਹੈ,
ਸਿਦਕ ਨੇ ਨਾ ਮੂੰਹੋਂ 'ਸੀ' ਆਖੀ ਹੈ ਹਾਲੇ।

ਭਾਵੇਂ ਉਨ੍ਹਾਂ ਨੂੰ ਕੋਈ ਦੇਗੀਂ ਉਬਾਲੇ,
ਨਾ ਡੋਲਣ ਕਦੇ ਸੁਖਮਨੀ-ਸਾਰ ਵਾਲ਼ੇ।

ਉਹ ਜ਼ਾਲਮ ਕੀ ਜਾਣਨ ਨਸ਼ੇ ਭਗਤੀਆਂ ਦੇ,
ਜਿੰਨ੍ਹਾਂ ਨੇ ਇਹ ਜਲਵੇ ਨਾ ਵੇਖੇ, ਨਾ ਭਾਲ਼ੇ।

ਸ਼ਹੀਦਾਂ ਦੀ ਜਦ ਵੀ ਕਿਸੇ ਗੱਲ ਛੇੜੀ,
ਨਾ ਰੁਕ ਸਕੇ ਹੰਝੂ, ਨਾ ਦਿਲ ਗਏ ਸੰਭਾਲ਼ੇ।

ਕਿੰਨੀਆਂ ਵੀ ਹੋਵਣ ਸਿਆਹ ਭਾਵੇਂ ਰਾਤਾਂ,
ਮਿਟਾ ਪਰ ਨਾ ਸਕਣ ਦਿਲਾਂ ਦੇ ਉਜਾਲੇ।

●

## ਚੌਂਤੀ

❑

ਕਿਉਂ ਕਹਾਂ ਉਹ ਸ਼ੋਖ ਓਝਿਲ ਹੋ ਗਿਆ!
ਅਰਸ਼ ਦਾ ਤਾਰਾ ਸੀ, ਝਿਲਮਿਲ ਹੋ ਗਿਆ !

ਇਸ਼ਕ ਦੀ ਮੰਜ਼ਿਲ ਵੀ ਮੰਜ਼ਿਲ ਨਾ ਬਣੀ,
ਹੁਸਨ ਦਾ ਹਰ ਪੈਰ ਮੰਜ਼ਿਲ ਹੋ ਗਿਆ।

ਦਿਲ ਦਾ ਸੌਦਾ ਕਰਨ ਲੱਗਾ ਹੀ ਤਾਂ ਮੈਂ,
ਵੇਖ ਦਿਲ ਵਾਲੇ ਨੂੰ ਬੇ-ਦਿਲ ਹੋ ਗਿਆ।

ਰਾਤ ਸਾਕੀ ਨੇ ਪਿਲਾਈ ਇਸ ਤਰ੍ਹਾਂ,
'ਹੋਰ ਪਾ' ਕਹਿਣਾ ਵੀ ਮੁਸ਼ਕਿਲ ਹੋ ਗਿਆ।

ਲੈਣ ਮੈਖ਼ਾਨੇ 'ਚੋਂ ਆਇਆ ਮੈਨੂੰ ਜਦ,
ਸ਼ੈਖ ਵੀ ਰਿੰਦਾਂ 'ਚ ਸ਼ਾਮਿਲ ਹੋ ਗਿਆ।

ਸੁਪਨਿਆਂ ਵਿੱਚ ਉਸ ਨੂੰ ਆਉਂਦਾ ਵੇਖ ਮੈਂ,
ਜਾਗਦਾ ਹੋਇਆ ਵੀ ਗਾਫ਼ਿਲ ਹੋ ਗਿਆ।

ਮਰ ਗਿਆ ਜੋ ਵੀ ਕਿਸੇ ਤੇ ਮਰ ਗਿਆ,
ਜੀਣ ਦੇ ਬੰਦਾ ਉਹ ਕਾਬਿਲ ਹੋ ਗਿਆ।

●

## ਪੈਂਤੀ

❑

ਫਿਰ ਇਸ਼ਕ ਦੀ ਲਹਿਰ ਟਕਰਾਏ ਕਦੀ।
ਦਿਲ ਦਾ ਕੰਢਾ ਫੇਰ ਢਾਹ ਜਾਏ ਕਦੀ।

ਮੈਂ ਕਦੋਂ ਮੰਗਦੈਂ ਤਸੱਲੀਆਂ ਓਸ ਤੋਂ,
ਮੈਂ ਤਾਂ ਕਹਿੰਦਾ ਹਾਂ ਕਿ ਤੜਪਾਏ ਕਦੀ।

ਬਣ ਗਿਆ ਹੈ ਫੇਰ ਮੇਰਾ ਆਲ੍ਹਣਾ,
ਫੇਰ ਬਿਜਲੀ ਜੌਹਰ ਦਿਖਲਾਏ ਕਦੀ।

ਵੇਖਣੀ ਹੈ ਜੇ ਕਣੀ ਰਾਂਝੇ ਦੀ ਫੇਰ,
ਫੇਰ ਖੇੜਾ ਹੀਰ ਪਰਨਾਏ ਕਦੀ।

ਵਾਰ ਦੇਵਾਂ ਆਪਣੀਆਂ ਸਭ ਸ਼ੋਖੀਆਂ,
ਫੇਰ ਭੋਲ਼ੀ ਨਜ਼ਰ ਭਰਮਾਏ ਕਦੀ।

ਚੰਨ, ਸੂਰਜ, ਧਰਤ, ਤਾਰੇ ਤੇ ਅਕਾਸ਼,
ਹਾਏ, ਉਸਦੀ ਯਾਦ ਬਣ ਜਾਏ ਕਦੀ!

ਛੱਡ ਦਿਆਂਗਾ ਪੰਡਤੋ ਪੀਣੀ ਸ਼ਰਾਬ,
ਫਿਰ ਨਸ਼ੀਲੀ ਅੱਖ ਛੁਡਵਾਏ ਕਦੀ।

ਦਰਦ ਉਹ ਦੇਂਦੇ ਨੇ ਖ਼ੁਸ਼ੀਆਂ ਦਾ ਸੁਆਦ,
ਜਿਹੜੇ ਜਾਵਣ ਹੱਸ ਕੇ ਅਪਣਾਏ ਕਦੀ।

ਰਾਖ਼ ਹਾਂ ਮੈਂ ਚਮਕਦੀ, ਨਿਕਲਣਗੇ ਫੁੱਲ,
ਫੇਰ ਮੌਸਮ ਰਾਸ ਜੇ ਆਏ ਕਦੀ।

●

## ਛੱਤੀ

❑

ਹੁਣ ਦੱਬ ਕੇ ਨਹੀਂ ਰਹਿਣੇ ਬੋਲ ਜ਼ਮੀਰਾਂ ਦੇ।
ਲਾਹ ਸੁੱਟੇ ਕੋਈ ਭਾਵੇਂ ਪੋਸ਼ ਸਰੀਰਾਂ ਦੇ।

ਪੱਛ ਸੁੱਟਿਆ ਹੈ ਪਿੰਡਾ ਮੇਰਾ ਰੇਸ਼ਮ ਨੇ,
ਭਰ ਭਰ ਇਸ ਤੇ ਪਾਓ ਰੁੱਗ ਕਸੀਰਾਂ ਦੇ।

ਅੱਜ ਦਿਲ ਆਖੇ, "ਛੱਡ ਚੰਦਨ ਦੀ ਗੇਲੀ ਨੂੰ,
ਭਰ ਲੈ ਵਿੱਚ ਕਲਾਵੇ ਖੁੰਘ ਕਰੀਰਾਂ ਦੇ।"

ਇਕ ਦਿਨ ਘਰ ਤੋਂ ਖੋਲ਼ੇ ਬਣ ਕੇ ਰਹਿ ਜਾਵਣ,
ਜੋ ਕੰਧਾਂ ਨਾ ਝੱਲਣ ਬੋਝ ਸ਼ਤੀਰਾਂ ਦੇ।

ਮਿਹਨਤ ਦੀ ਇਕ ਰੇਖ ਤਲ਼ੀ ਤੇ ਕਾਫ਼ੀ ਏ,
ਕੀ ਕਰਨੇ ਨੇ ਬਹੁਤੇ ਜਾਲ ਲਕੀਰਾਂ ਦੇ।

ਚੋਰਾਂ ਨੇ ਜਾ ਹੋਰ ਕਿਤੇ ਸੰਨ੍ਹ ਲਾਈ ਏ,
ਦੱਬੀ ਬੈਠੇ ਖੋਜੀ ਖ਼ੁਰੇ ਵਹੀਰਾਂ ਦੇ।

ਤੁਰਦੇ ਨੇ ਜੋ ਆਪ ਲਕੀਰਾਂ ਟੋਹ ਟੋਹ ਕੇ,
ਬਣਨਾ ਅਸਾਂ ਮੁਰੀਦ ਨਾ ਉਨ੍ਹਾਂ ਫ਼ਕੀਰਾਂ ਦੇ।

ਸੋਚ ਕੇ ਜਾਮ ਮੁਹੱਬਤ ਦੇ ਨੂੰ ਮੂੰਹ ਲਾਉਂਦੇ,
ਜੇਕਰ ਪਹਿਲੋਂ ਹੁੰਦੇ ਪਤੇ ਤਾਸੀਰਾਂ ਦੇ।

ਸੁਪਨੇ ਤਾਂ ਹਰ ਰੋਜ਼ ਸੱਜਣ ਦੇ ਆਉਂਦੇ ਨੇ,
ਐਪਰ ਬਣੇ ਸਬੱਬ ਨਾ ਕਦੇ ਤਾਬੀਰਾਂ ਦੇ।

●

## ਸੈਂਤੀ

❑

ਨੈਣ ਅਸਾਡੇ ਰਿੰਮ-ਝਿੰਮ, ਰਿੰਮ-ਝਿੰਮ।
ਮੂੰਹੋਂ ਨਿਕਲੇ ਮਹਿਰਮ, ਮਹਿਰਮ।

ਨਾਲ ਗ਼ਮਾਂ ਦੇ ਲਾ ਲਈ ਯਾਰੀ,
ਮਾਰ ਸੁੱਟਣਗੇ ਇਹ ਗ਼ਮ, ਇਹ ਗ਼ਮ।

ਖ਼ੁਸ਼ੀਆਂ ਦੀ ਜਿਉਂ ਰੁੱਤ ਲੰਘ ਜਾਏ,
ਚਾਰ ਚੁਫ਼ੇਰੇ ਮਾਤਮ, ਮਾਤਮ।

ਹੋਰ ਘੜੀ ਨੂੰ ਨਜ਼ਰ ਨਾ ਆਊ,
ਜੀਵਨ ਬਣਿਆ ਸ਼ਬਨਮ, ਸ਼ਬਨਮ।

ਸਾਡੇ ਲਈ ਤਾਂ ਸਭ ਕੁਝ ਉਹ ਨੇ,
ਪਰ ਉਹ ਆਖਣ 'ਯਿਹ ਹਮ-ਵੁਹ ਹਮ'।

ਯਾਦ ਸੱਜਣ ਦੀ ਦਿਲ ਦਾ ਗਹਿਣਾ,
ਆਉਂਦੀ ਰਹੇ ਇਹ ਜੰਮ ਜੰਮ, ਜੰਮ ਜੰਮ।

ਆਪੇ ਖਪ ਕੇ ਮਰ ਜਾਵਣਗੇ,
ਗੀਤ ਇਹ ਲੱਭਦੇ ਸਰਗਮ, ਸਰਗਮ।

●

## ਅਠੱਤੀ

❏

ਔਹ ਆ ਗਈ ਉ ਕਾਲੀ ਘਟਾ ਸਾਕੀਆ !
ਜ਼ਰਾ ਦੌਰ ਮੁੜ ਕੇ ਚਲਾ ਸਾਕੀਆ !

ਮੇਰੀ ਭਗਤੀ, ਪੂਜਾ ਹੈ ਅੱਜ ਤੋਂ ਸ਼ਰਾਬ,
ਤੂੰ ਮੇਰਾ ਅੱਜ ਤੋਂ ਖ਼ੁਦਾ ਸਾਕੀਆ !

ਨਾ ਤੂੰ ਹੈਂ ਬਿਗਾਨਾ, ਨਾ ਮੈਂ ਗ਼ੈਰ ਹਾਂ,
ਆ ਦਿਨ ਰਲ਼ ਕੇ ਲਈਏ ਲੰਘਾ ਸਾਕੀਆ !

ਸਵਰਗਾਂ 'ਚੋਂ ਆਵਣ ਨਿਕਲ ਦੇਵਤੇ,
ਕੋਈ ਐਸੀ ਮਹਿਫ਼ਿਲ ਜਮਾ ਸਾਕੀਆ !

ਕਿਉਂ ਕਰਦਾ ਹੈਂ ਇਨਕਾਰ ਦੀਦਾਰ ਤੋਂ?
ਇਹ ਜੋਬਨ ਨਹੀਂ ਰਹਿਣਾ ਸਦਾ ਸਾਕੀਆ !

ਜੋ ਛਾਇਆ ਰਹੇ ਗ਼ਮ ਦਾ ਆਲਮ ਸਦਾ,
ਘੜੀ ਦੋ ਘੜੀ ਲਈ ਭੁਲਾ ਸਾਕੀਆ !

ਪਿਲਾ ਹੁਣ, ਨਾ ਕਰ ਦੇਰ ਮਜਬੂਰ ਹਾਂ,
ਸਬਰ ਦੀ ਵੀ ਹੈ ਇੰਤਹਾ ਸਾਕੀਆ !

●

## ਉਨਤਾਲੀ

❑

ਪਿਆਰ ਦੀ ਦੁਨੀਆਂ ਦਾ ਝੂਠਾ ਹਰ ਨਜ਼ਾਰਾ ਨਿਕਲਿਆ।
ਰੂਪ ਦੀ ਸ਼ਬਨਮ ਵੀ ਨਫ਼ਰਤ ਦਾ ਸ਼ਰਾਰਾ ਨਿਕਲਿਆ।

ਸੋਚਿਆ ਸੀ ਜੀਅ ਲਵਾਂਗਾ ਪੀ ਕੇ ਹੰਝੂ ਆਪਣੇ,
ਪਿਆਰ ਦੇ ਖੂਹਾਂ ਦਾ ਪਰ ਪਾਣੀ ਵੀ ਖਾਰਾ ਨਿਕਲਿਆ।

ਲੈ ਗਿਆ ਜਿਹੜਾ ਹੁਲਾਰਾ ਸੀ ਕਦੀ ਸਿਖ਼ਰਾਂ ਦੇ ਕੋਲ਼,
ਪੀਂਘ ਮੇਰੀ ਦਾ ਉਹੀ ਅੰਤਮ ਹੁਲਾਰਾ ਨਿਕਲਿਆ।

ਕਰਕੇ ਤੌਬਾ ਪੀਣ ਤੋਂ ਠਾਕਰਦੁਆਰੇ ਨੂੰ ਗਿਆ,
ਪਹੁੰਚਿਆ ਜਿਥੇ ਉਹ, ਸਾਕੀ ਦਾ ਚੁਬਾਰਾ ਨਿਕਲਿਆ।

ਦੋਸ਼ ਡੋਬਣ ਦਾ ਮੈਂ ਤੂਫ਼ਾਨਾਂ ਦੇ ਸਿਰ ਮੜ੍ਹਦਾ ਰਿਹਾ,
ਪਰ ਅਸਲ ਵਿਚ ਉਹ ਮਲਾਹਾਂ ਦਾ ਹੀ ਕਾਰਾ ਨਿਕਲਿਆ।

ਉਮਰ ਭਰ ਦੀ ਨਾਂਹ ਮਗਰੋਂ, ਕਰ ਗਏ ਇਕਰਾਰ ਇੱਕ,
ਪਰ ਜਦੋਂ ਪੁੱਗਣ ਤੇ ਆਇਆ, ਉਹ ਵੀ ਲਾਰਾ ਨਿਕਲਿਆ।

ਅਪਨੇ ਦੀਵਾਨੇ ਨੂੰ ਵੇਖਣ ਇੱਕ ਉਹੀ ਆਇਆ ਨਹੀਂ,
ਜਿਸ ਦੇ ਦੀਵਾਨੇ ਨੂੰ ਵੇਖਣ ਸ਼ਹਿਰ ਸਾਰਾ ਨਿਕਲਿਆ।

●

## ਚਾਲੀ

❑

ਤੇਰੇ ਹਿਜਰ ਦੀ ਰਤਾ ਵੀ ਅਜੇ ਰਾਤ ਨ ਢਲ਼ੀ ਏ।
ਪੁੱਛਦਾ ਹੈ ਦਿਲ ਕਦੋਂ ਦਾ "ਕੀ ਸਹਰ ਹੋ ਚਲੀ ਏ?"

ਵੰਡਦਾ ਗਿਆ ਤੂੰ ਖ਼ੁਸ਼ੀਆਂ ਸਭ ਨੂੰ ਅਖ਼ੀਰ ਤਾਈਂ,
ਗ਼ਮ ਧਰ ਗਿਆ ਹੈਂ ਜਿਸ ਤੇ ਮੇਰੀ ਹੀ ਉਹ ਤਲ਼ੀ ਏ।

ਜੰਨਤ 'ਚ ਖੜਣ ਦੇ ਲਈ ਨਾ ਫ਼ਰਿਸ਼ਤਿਓ ਸਤਾਓ,
ਓਥੇ ਮੈਂ ਤਦ ਹੈ ਜਾਣਾ ਜੇ ਉਹ ਯਾਰ ਦੀ ਗਲ਼ੀ ਏ।

ਮੇਰੇ ਦਿਲ 'ਚੋਂ ਹੁਣ ਤੇ ਉਹ ਵੀ ਲੰਘ ਜਾਏ ਅਣ-ਪਛਾਤੀ,
ਭੁੱਲ ਕੇ ਖ਼ੁਸ਼ੀ ਕਦੇ ਜੋ ਗਮੀਆਂ 'ਚ ਆ ਰਲ਼ੀ ਏ।

ਅੱਗ ਪਿਆਰ ਦੀ ਅਜ਼ਲ ਤੋਂ, ਸੁੱਚੀ ਹੀ ਆ ਰਹੀ ਏ,
ਦਿਲ ਦੇ ਬਗੈਰ ਇਸ ਵਿੱਚ, ਕੋਈ ਚੀਜ਼ ਨਾ ਜਲ਼ੀ ਏ।

ਮੇਰੇ ਜ਼ਖ਼ਮ ਤੇ ਉਨ੍ਹਾਂ ਨੇ ਅੱਜ ਆਪ ਕੁਛ ਲਗਾਇਐ,
ਸੜਦੇ ਕਿਉਂ ਹੋ ਲੋਕੋ, ਇਹ ਤਾਂ ਲੂਣ ਦੀ ਡਲ਼ੀ ਏ।

ਦੀਪਕ ਮੁਹੱਬਤਾਂ ਦਾ ਲਟ-ਲਟ ਉਦੋਂ ਹੈ ਬਲ਼ਦਾ,
ਪਲ ਪਲ ਇਹਦੇ 'ਚ ਪੈਂਦੀ ਜਦੋਂ ਖ਼ੂਨ ਦੀ ਪਲ਼ੀ ਏ।

ਲੁਕ ਲੁਕ ਕੇ ਕਰਨ ਵਾਲੀ ਨਹੀਂ ਚੀਜ਼ ਇਹ ਮੁਹੱਬਤ,
ਉਹ ਅੱਗ ਹੈ ਬੁਝ ਹੀ ਜਾਂਦੀ ਖੁੱਲ੍ਹ ਕੇ ਨਾ ਜੋ ਬਲ਼ੀ ਏ।

ਜਿਸ ਮੋੜ ਤੇ ਕੋਈ ਇਸ ਤੋਂ ਉਂਗਲੀ ਛੁਡਾ ਗਿਆ ਹੈ,
ਮੇਰੀ ਵਫ਼ਾ ਅਜੇ ਵੀ ਉਸ ਮੋੜ ਤੇ ਖਲ਼ੀ ਏ।

●

## ਇੱਕਤਾਲੀ

❑

ਮਾਂ ਧਰਤੀ ਦੀ ਹਿੱਕ ਤੇ ਕਿਧਰੇ ਬੰਬਾਂ ਦੀ ਬਰਸਾਤ ਹੈ ਹੋਈ।
ਖ਼ੂਨ ਮਨੁੱਖਤਾ ਦਾ ਕਿਤੇ ਹੋਇਆ, ਰੱਤ ਕਿਤੇ ਇਨਸਾਨ ਦੀ ਚੋਈ।

ਲੋਕ-ਹਿਤਾਂ ਦੇ ਰਾਖੇ ਹੀ ਨੇ, ਲੋਕ-ਹਿਤਾਂ ਦੇ ਬਣੇ ਲੁਟੇਰੇ,
'ਨਾਨਕ ਦੁਨੀਆਂ ਕੈਸੀ ਹੋਈ ਸਾਲਕ ਮਿੱਤ ਨਾ ਰਹਿਓ ਕੋਈ।'

ਖ਼ਵਰੇ ਕਿਸ ਜਾਦੂਗਰ ਚੰਦਰੇ ਇਹ ਫੁਲਵਾੜੀ ਕੀਲ ਸੁੱਟੀ ਏ,
ਜਿਸ ਫੁੱਲ ਮਹਿਕ ਰਤਾ ਵੀ ਵੰਡੀ, ਟਾਹਣੀ ਨਾਲੋਂ ਝੜਿਆ ਸੋਈ।

ਨ਼ਫ਼ਰਤ ਦੀ ਦੁਰਗੰਧ ਹਰ ਕਿਤੇ, ਮਾਨਸ ਦਾ ਸਾਹ ਘੁੱਟੀ ਜਾਵੇ,
ਮੁੱਕੀ ਅੱਜ ਮੁੱਕੀ ਵੇ ਲੋਕੋ ਏਸ ਬਗੀਚੇ 'ਚੋਂ ਖ਼ੁਸ਼ਬੋਈ।

ਕੋਣ ਸੁਣੇ ਹੀਰਾਂ ਦੀਆਂ ਚੀਕਾਂ, ਕੌਣ ਸੁਣੇ ਸੋਹਣੀ ਦੀਆਂ ਕੂਕਾਂ,
ਕੋਣ ਸੁਣੇ ਸੱਸੀ ਦੇ ਹਾੜ੍ਹੇ ਕਿਸਦੀ ਕੌਣ ਸੁਣੇ ਅਰਜ਼ੋਈ?

●

## ਬਤਾਲੀ

❑

ਜੋ ਮਹਿਫ਼ਿਲ 'ਚ ਗਈਆਂ, ਉਹ ਦਿਲਦਾਰੀਆਂ ਨੇ।
ਜੋ ਬੂਹੇ ਤੇ ਰਹੀਆਂ ਉਹ ਲਾਚਾਰੀਆਂ ਨੇ।

ਅੱਖੀਆਂ 'ਚ ਬਹਿ ਗਏ ਨੇ ਬਣ ਠਣ ਕੇ ਹੰਝੂ,
ਤੇਰੀ ਯਾਦ ਆਵਣ ਦੀਆਂ ਵਾਰੀਆਂ ਨੇ।

ਮਿਲੇ ਨਾ ਮਿਲੇ, ਹੁਣ ਮੁਹੱਬਤ ਦੀ ਮਰਜ਼ੀ,
ਅਸਾਂ ਕੀਮਤਾਂ ਪੂਰੀਆਂ ਤਾਰੀਆਂ ਨੇ।

ਮੇਰਾ ਦਿਲ ਅਜੇ ਵੀ ਤਾਂ ਆਹ ਭਰ ਹੈ ਲੈਂਦਾ,
ਨਾ ਮਿਟੀਆਂ ਉਮੀਦਾਂ ਅਜੇ ਸਾਰੀਆਂ ਨੇ।

ਰਕੀਬਾਂ ਨੇ ਮੇਰੀ ਕਿਵੇਂ ਗੱਲ ਜਾਣੀਂ,
ਇਧਰ ਯਾਰੀਆਂ ਜਾਂ ਉਧਰ ਯਾਰੀਆਂ ਨੇ।

ਤੇਰੀ ਯਾਦ ਆਈ ਤੇ ਗੁੱਸੇ 'ਚ ਬੋਲੀ,
"ਤੂੰ ਸਾਨੂੰ ਆਵਾਜ਼ਾਂ ਕਿਉਂ ਮਾਰੀਆਂ ਨੇ?"

●

## ਤਰਤਾਲੀ

❑

ਕਿਸ ਕਿਸ ਜ਼ਖ਼ਮ ਨੂੰ ਚੁੰਮਾਂ, ਕਿਸ ਕਿਸ ਨੂੰ ਗਲ਼ ਲਗਾਵਾਂ।
ਸਭ ਨੇ ਜਵਾਨ ਦਿਸਦੇ, ਸਭ ਤੇ ਹੈ ਰੂਪ ਸਾਵਾਂ।

ਤੂੰ ਵੀ ਜਾਣ ਲਏਂ ਗੁਜ਼ਾਰੀ, ਕਿੰਜ ਹੈ ਮੈਂ ਉਮਰ ਸਾਰੀ,
ਆਖੇਂ ਤਾਂ ਇੱਕ ਵਾਰੀ, ਤੈਨੂੰ ਵੀ ਯਾਦ ਆਵਾਂ।

ਜਿਹੜੀ ਪੀੜ ਨਾਲ ਲੈ ਕੇ ਪੂਰਬ 'ਚੋਂ ਆ ਗਿਆ ਹਾਂ,
ਕਿਤੇ ਖੋਹ ਨਾ ਲੈਣ ਮੈਥੋਂ, ਪੱਛਮ ਦੀਆਂ ਹਵਾਵਾਂ।

ਗੁਲਸ਼ਨ 'ਚ ਕਰਨ ਵਾਲੇ ਕੰਮ ਹੋਰ ਵੀ ਬੜੇ ਨੇ,
ਕੰਡਿਆਂ ਤੋਂ ਮੈਂ ਦਾਮਨ, ਕਿੰਨਾਂ ਕੁ ਚਿਰ ਬਚਾਵਾਂ।

ਤੇਰੇ ਗ਼ਮ ਕਦੇ ਨਾ ਸੌਂਦੇ ਇਕ ਪਲ ਵੀ ਨੀਂਦ ਭਰ ਕੇ,
ਸਾਰੇ ਨੇ ਜਾਗ ਪੈਂਦੇ ਇਕ ਨੂੰ ਜਦੋਂ ਜਗਾਵਾਂ।

ਇੱਕ ਵਾਰ ਵੀ ਜਿੰਨ੍ਹਾਂ ਤੋਂ, ਵਰਖਾ ਦੀ ਆਸ ਕੀਤੀ,
ਬੱਸ ਬਿਜਲੀਆਂ ਦਾ ਘਰ ਹੀ ਉਹ ਨਿਕਲੀਆਂ ਘਟਾਵਾਂ।

ਦੀਵਾਨਿਆਂ ਨੇ ਪਲ ਵਿੱਚ ਮੇਰੇ ਰੋਗ ਨੂੰ ਪਛਾਤਾ,
ਦੇਂਦੇ ਰਹੇ ਸਿਆਣੇ ਕੋਈ ਹੋਰ ਹੀ ਦਵਾਵਾਂ।

●

## ਚੁਤਾਲੀ

❑

ਮੈਂ ਗ਼ਮਾਂ ਦੇ ਰਾਣੀ-ਹਾਰ ਵਿੱਚ, ਇੱਕ ਹੋਰ ਮੋਤੀ ਪਰੋ ਲਿਆ।
ਕਿਸੇ ਭਟਕਦੀ ਹੋਈ ਪੀੜ ਨੂੰ, ਅੱਜ ਫੇਰ ਦਿਲ 'ਚ ਸਮੋ ਲਿਆ।

ਮੇਰੀ ਜ਼ਿੰਦਗੀ ਦੀ ਉਹ ਹਰ ਘੜੀ, ਮੇਰੇ ਵਾਸਤੇ ਹੈ ਨਿਰੀ ਖ਼ੁਸ਼ੀ,
ਕਿ ਮੈਂ ਜਿਸ ਘੜੀ ਕਿਸੇ ਯਾਦ ਦਾ ਹੈ ਫੜ ਕੇ ਦਾਮਨ ਰੋ ਲਿਆ।

ਕਿਸੇ ਖ਼ੁਸ਼-ਨਸੀਬ ਦੀ ਨਾਓ ਹੀ, ਹੋਈ ਪਾਰ ਪਿਆਰ ਦੇ ਸਾਗਰੋਂ,
ਕਿਸੇ ਹੰਝੂਆਂ 'ਚ ਡਬੋ ਲਿਆ, ਕਿਸੇ ਹਾਸਿਆਂ 'ਚ ਡਬੋ ਲਿਆ।

ਕਦੀ ਲਹਿਰ ਜਾਪੇ ਚਨਾਬ ਦੀ, ਕਦੀ ਥਲ ਦੀ ਰੇਤ ਤਪੀ ਹੋਈ,
ਕੁਝ ਇਸ ਤਰ੍ਹਾਂ ਦੀ ਹੀ ਚੀਜ਼ ਹੈ, ਅਸਾਂ ਅੱਜ ਕਿਸੇ ਤੋਂ ਹੈ ਜੋ ਲਿਆ।

ਕੀ ਇਹ ਦਰਦ ਦੀ ਹੀ ਤਾਸੀਰ ਹੈ, ਜਾਂ ਹੈ ਮੇਰੀ ਆਪਣੀ ਦੀਵਾਨਗੀ,
ਕਿ ਜਦੋਂ ਵੀ ਇਸ ਦੀ ਦਵਾ ਮਿਲੀ, ਅਸਾਂ ਆਪਣਾ ਦਰਦ ਲੁਕੋ ਲਿਆ।

ਦਿਸਦੇ ਉਨ੍ਹਾਂ ਨੂੰ ਨੇ ਕਾਫ਼ਲੇ ਆਰਾਮ ਦੇ ਵੀ ਥਕੇ ਥਕੇ,
ਜਿੰਨ੍ਹਾਂ ਪੀੜ ਦੇ ਪਰਬਤ ਦੀਆਂ, ਕਦੇ ਟੀਸੀਆਂ ਤੇ ਖਲੋ ਲਿਆ।

ਨਾ ਗਿਲਾ ਹੈ ਆਪਣੇ ਨਸੀਬ ਤੇ, ਨਾ ਹੈ ਉਸ ਦੀ ਮਿਹਰ ਤੇ ਹੀ ਸ਼ੁਬ੍ਹਾ,
ਜੋ ਵੀ ਮੁਸਕਰਾ ਕੇ ਉਹ ਦੇ ਗਏ, ਅਸਾਂ ਮੁਸਕਰਾ ਕੇ ਉਹੋ ਲਿਆ।

●

## ਪੰਜਤਾਲੀ

❑

ਜੇ ਅੱਖ ਉਨ੍ਹਾਂ ਦੀ ਖੁੱਲ੍ਹਣ ਤੇ ਸੂਰਜ ਨੇ ਵੰਡੇ ਹਾਸੇ ਨੇ।
ਤਾਂ ਸ਼ਬਨਮ ਰੋਣ ਦਾ ਕਾਰਨ ਵੀ ਮੇਰੇ ਹੀ ਨੈਣ ਉਦਾਸੇ ਨੇ।

ਜਾ' ਉਸ ਦੇ ਸਾਹਵੇਂ ਹੋ ਬੈਠੇ, ਉਹ ਹੋਸ਼ ਨਾ ਮੁੜ ਕੇ ਪਰਤ ਸਕੇ,
ਕੁਝ ਬੰਨ੍ਹ ਬਿਠਾ ਲਏ ਕੱਜਲੇ ਨੇ, ਕੁੱਝ ਦਿੱਤੇ ਕੀਲ ਦੰਦਾਸੇ ਨੇ।

ਬਿਨ ਪੁੱਛਣ, ਦੱਸਣ, ਬੋਲਣ ਦੇ, ਐਵੇਂ ਨਹੀਂ ਰਮਜ਼ ਪਛਾਣੀਦੀ,
ਕੁਝ ਉਨ੍ਹਾਂ ਵਿੱਚ ਰਸ ਵਾਧੂ ਏਂ, ਕੁਝ ਮੇਰੇ ਹੋਠ ਪਿਆਸੇ ਨੇ।

ਹੁਣ ਹਾਲ ਤੇ ਸਾਨੂੰ ਯਾਦ ਨਹੀਂ, ਜੋ ਦਿਲ ਟੁੱਟਣ ਤੇ ਹੋਇਆ ਸੀ,
ਪਰ ਇਸ ਤੋਂ ਵੱਧ ਉਹ ਕੀ ਹੋਣੈ, ਜੋ ਕੀਤੇ ਤੇਰੇ ਦਿਲਾਸੇ ਨੇ।

ਕਹਿੰਦੇ ਨੇ ਲੋਕ, ਮੁਹੱਬਤ ਵਿੱਚ ਨਾ ਬੇਪਰਤੀਤੀ ਪੁੱਗਦੀ ਏ,
ਮੈਂ ਕਿੰਜ ਲੁਕਾਵਾਂ ਉਨ੍ਹਾਂ ਨੂੰ ਜੋ ਚਾੜ੍ਹੇ ਚੰਨ ਭਰਵਾਸੇ ਨੇ।

ਸਾਨੂੰ ਨਾਲ ਰਕੀਬਾਂ ਉਸ ਦਿਨ ਤੋਂ ਹੱਸ ਕੇ ਗੱਲ ਕਰਨੀ ਪੈ ਗਈ ਏ,
ਅਸਾਂ ਜਿਸ ਦਿਨ ਤੋਂ ਇਹ ਜਾਣ ਲਿਐ, ਕਿ ਸੱਜਣ ਓਸੇ ਪਾਸੇ ਨੇ।

ਜੋ ਭਰ ਦਿੱਤੇ ਤੂੰ, ਬੋਲੇ ਨਾ, ਚੁੱਪ ਕਰਕੇ ਅਪਨੇ ਰਾਹ ਪੈ ਗਏ,
ਤੇਰਾ ਲੱਖ ਲੱਖ ਸ਼ੁਕਰ ਅਲਾਇਆ ਹੈ, ਮੇਰੇ ਹੀ ਖ਼ਾਲੀ ਕਾਸੇ ਨੇ।

●

## ਛਿਆਲੀ

❑

ਸੋਚਿਆ ਸੀ ਹੋਰ, ਹੋਇਆ ਹੋਰ ਹੈ।
ਨਾਲ ਭਾਗਾਂ ਦੇ ਨਾ ਚੱਲਦਾ ਜ਼ੋਰ ਹੈ।

ਯਤਨ ਕਰਨਾ ਫ਼ਰਜ਼ ਹੈ ਇਨਸਾਨ ਦਾ,
ਹੱਥ ਅਣ-ਦਿਸਦੇ ਦੇ ਭਾਵੇਂ ਡੋਰ ਹੈ।

ਮੌਤ ਘਰ ਨਾ ਪੈਰ ਪਾਏ ਜ਼ਿੰਦਗੀ,
ਜ਼ਿੰਦਗੀ ਘਰ ਮੌਤ ਦਾ ਕਿਉਂ ਸ਼ੋਰ ਹੈ ?

ਕੌਣ ਘੱਤੇਗਾ ਜ਼ੰਜੀਰਾਂ ਏਸ ਨੂੰ,
ਅਟਕਣੀ ਨਹੀਂ ਇਹ ਸਮੇਂ ਦੀ ਤੋਰ ਹੈ।

ਹਾਲ ਆਪਣੇ ਵਿੱਚ ਜ਼ਮਾਨਾ ਮਸਤ ਹੈ,
ਹਰ ਕਿਸੇ ਦਾ ਆਪਣਾ ਹੀ ਲੋਰ ਹੈ।

ਆਪਣੇ ਮਨ ਤੋਂ ਚੁਰਾਵੇ ਅੱਖ ਜੋ,
ਆਖਣਾ ਉਹ ਆਪ ਬੰਦਾ ਚੋਰ ਹੈ।

ਭੁੱਲਿਆ ਇਨਸਾਨ ਦਾ ਕਿਰਦਾਰ ਜੋ,
ਆਦਮੀ ਬਣਿਆ ਉਹ ਆਦਮ-ਖੋਰ ਹੈ।

ਜ਼ਿੰਦਗੀ ਤੋਂ ਦੂਰ ਦੌੜਣ ਵਾਲਿਓ,
ਦੌੜ ਕੇ ਜਾਣਾ ਭਲਾ ਕਿਸ ਓਰ ਹੈ ?

●

## ਸੰਤਾਲੀ

❑

ਜਿਸ ਜਿਸ ਦੇ ਨੈਣੀ ਛਿੱਟ ਕਣੀਆਂ, ਉਸ ਉਸ ਦੀਆਂ ਪੀੜਾਂ ਮਹਿਕਣੀਆਂ।
ਉਸ ਉਸ ਨੇ ਰਾਤਾਂ ਮਾਣਨੀਆਂ, ਜਿਸ ਜਿਸ ਦੀਆਂ ਅੱਖੀਆਂ ਜਾਗਣੀਆਂ।

ਨਿੱਤ ਦਿਨ ਦੇ ਕਾਲ਼ੇ ਚਾਨਣ ਨੇ, ਇਨ੍ਹਾਂ ਨੂੰ ਮੈਲ਼ ਲਗਾਈ ਏ,
ਹਰ ਰਾਤ ਦੇ ਉਜਲੇ ਨ੍ਹੇਰੇ ਵਿੱਚ, ਪਈਆਂ ਨੇ ਪੀੜਾਂ ਮਾਂਜਣੀਆਂ।

ਆਖੋਂ ਨਾ ਹੰਝੂ ਇਹਨਾਂ ਨੂੰ, ਸਮਝੀਂ ਨਾ ਪਾਣੀ ਦੇ ਕਤਰੇ,
ਯਾਦਾਂ ਦਿਆਂ ਨਾਗਾਂ ਦਿੱਤੀਆਂ ਨੇ ਖ਼ੁਸ਼ ਹੋ ਕੇ ਸਾਨੂੰ ਇਹ ਮਣੀਆਂ।

ਗ਼ਮ ਜੀਵਨ ਨਾਲ ਹੰਢਾਣੇ ਨੇ, ਗ਼ਮ ਮਰ ਕੇ ਵੀ ਨਾ ਜਾਣੇ ਨੇ,
ਇਹਨਾਂ ਰੱਬ ਦੀ ਪਹੁੰਚ ਹਜ਼ੂਰੀ ਵਿੱਚ ਮੇਰੇ ਨਾਲ ਤਰੀਕਾਂ ਭੁਗਤਣੀਆਂ।

ਜਿੰਨ੍ਹਾਂ ਦੀ ਸੰਘਣੀ ਛਾਂ ਹੇਠਾਂ ਵੇਖੋ ਨਾ ਅਪਣਾ ਸਾਇਆ ਵੀ,
ਬਹਿ ਦਿਲ ਨਾਲ ਗੱਲਾਂ ਕਰਨ ਲਈ,ਜਿੰਦ ਲਭਦੀ ਹੈ ਅੱਜ ਉਹ ਵਣੀਆਂ।

ਸੱਜਣਾਂ ਦੀਆਂ ਯਾਦਾਂ ਐਸੀਆਂ ਨਹੀਂ ਜੋ ਮੇਰੇ ਮੋਇਆਂ ਮਰਨਗੀਆਂ,
ਇਹ ਯਾਦਾਂ, ਵਾਂਗ ਕਬੂਤਰੀਆਂ, ਮੇਰੀ ਕਬਰ ਤੇ ਆ ਕੇ ਗੁਟਕਣੀਆਂ।

ਜਿੰਨੀ ਕੁ ਝਨਾਂ ਦੀ ਲਹਿਰ ਉਠੂ, ਜਿੰਨੀ ਕੁ ਥਲਾਂ ਦੀ ਰੇਤ ਤਪੂ,
ਜਿੰਨੀ ਕੁ ਜ਼ਹਿਰ ਕੈਦੋ ਘੋਲ਼ੂ, ਇਹ ਓਨੀਆਂ ਪੀੜਾਂ ਮੌਲਣੀਆਂ।

●

## ਅਠਤਾਲੀ

❑

ਪੱਛਮ ਦੀਆਂ ਹਵਾਵਾਂ ਸਾਨੂੰ ਨਾ ਰਾਸ ਆਈਆਂ।
ਆਪਣਾ ਬਣਾ ਕੇ ਵੀ ਜੋ ਖ਼ੁਦ ਰਹਿੰਦੀਆਂ ਪਰਾਈਆਂ।

ਇਨ੍ਹਾਂ 'ਚ ਸਾਹ ਲੈ ਕੇ, ਇਹਨਾਂ ਨੂੰ ਗਲ ਲਗਾ ਕੇ,
ਤਨ 'ਚੋਂ ਨਾ ਮਹਿਕ ਆਈ, ਰੂਹਾਂ ਨਾ ਲਹਿਲਹਾਈਆਂ।

ਹੱਕ ਵਿੱਚ ਕਦੇ ਜੇ ਸਾਡੇ, ਆਖੀ ਹੈ ਗੱਲ ਕਿਸੇ ਨੇ,
ਗੱਲ ਗੱਲ ਤੇ ਬਹਿਸ ਛੇੜੀ, ਸੌ ਉਂਗਲੀਆਂ ਉਠਾਈਆਂ।

ਇਸ ਚਮਨ ਨੂੰ ਅਸੀਂ ਵੀ ਸਿੰਜਦੇ ਹਾਂ ਖ਼ੂਨ ਪਾ ਕੇ,
ਸਾਡੇ ਲਹੂ ਦੀਆਂ ਪਰ ਇਸ ਕੀਮਤਾਂ ਨਾ ਪਾਈਆਂ।

ਰੰਗ ਨਸਲ ਦੀ ਬਿਨਾ ਤੇ ਰੱਖੀ ਹੈ ਨੀਂਹ ਜਿੰਨ੍ਹਾਂ ਦੀ,
ਈਸਾ ਵੀ ਆਖਦਾ ਹੈ ਫੂਕੋ ਉਹ ਪਾਰਸਾਈਆਂ।

ਆਪਣੇ ਬੁਲਾਵਿਆਂ ਤੇ ਵਤਨੋਂ ਬੇ-ਵਤਨ ਕਰਕੇ,
ਮੁੜ ਵਾਪਸੀ ਦੀਆਂ ਨੇ ਹੁਣ ਦੇਂਦੀਆਂ ਦੁਹਾਈਆਂ।

ਉਨ੍ਹਾਂ ਦੀ ਮਹਿਕ ਲੈਣੋਂ ਕਿਉਂ ਵਰਜਦਾ ਹੈ ਕੋਈ,
ਮੁੜ੍ਹਕਾ ਅਸਾਂ ਚੁਆ ਕੇ ਕਲੀਆਂ ਨੇ ਜੋ ਖਿਲਾਈਆਂ।

ਉਨ੍ਹਾਂ ਦੀ ਕਦਰ ਕੀਮਤ ਪਾ ਸਕਦੀਆਂ ਨੇ ਕੀ ਇਹ,
ਸੱਜਣਾਂ ਤੋਂ ਦੂਰ ਆ ਕੇ ਸਹਿੰਦੇ ਹਾਂ ਜੋ ਜੁਦਾਈਆਂ।

●

## ਉਨੰਜਾ

❑

ਆਇਆ ਹੈ ਤੇਰਾ ਖ਼ਤ ਜੋ ਅੱਜ, ਉਸ ਖ਼ਤ ਨੂੰ ਕੀ ਕਰਾਂ !
ਕਾਗ਼ਜ਼ ਤੇ ਲਿਖ ਕੇ ਭੇਜੀ, ਮੁਹੱਬਤ ਨੂੰ ਕੀ ਕਰਾਂ !

ਘੂਰੀ ਜਿੰਨ੍ਹਾਂ ਦੀ ਮਾਰ ਗਈ, ਹਾਸਾ ਜਿਵਾ ਗਿਆ,
ਐਸੀ ਉਨ੍ਹਾਂ ਦੀ ਸ਼ੋਖ਼ ਤਬੀਅਤ ਨੂੰ ਕੀ ਕਰਾਂ !

ਪੀਤੀ ਬਗ਼ੈਰ ਸ਼ੈਖ ਜੀ, ਭੁੱਲਦੇ ਨਹੀਂ ਇਹ ਗ਼ਮ,
ਦੱਸੋ ਤੁਸੀਂ ਕਿ ਫੇਰ ਨਸੀਹਤ ਨੂੰ ਕੀ ਕਰਾਂ !

ਜਾ ਕੇ ਜੋ ਉਸ ਦੇ ਸਾਹਮਣੇ ਰਹਿੰਦੀ ਨਹੀਂ ਰਤਾ,
ਆਪਣੀ ਫ਼ਰੇਬ-ਬਾਜ਼, ਇਸ ਜੁਅੱਰਤ ਨੂੰ ਕੀ ਕਰਾਂ !

ਹੋਈ ਨਾ ਪੂਰੀ ਜੋ ਕਦੇ ਇਕ ਵਾਰ ਓ ਸੱਜਣ,
ਤੈਨੂੰ ਮਿਲਣ ਲਈ ਆਪਣੀ ਹਸਰਤ ਨੂੰ ਕੀ ਕਰਾਂ !

●

## ਪੰਜਾਹ

❑

ਛੱਡ ਕੇ ਤੈਨੂੰ, ਸਹਾਰੇ ਕੀ ਕਰਾਂ?
ਫੁੱਲ, ਕਲੀਆਂ, ਚੰਨ, ਤਾਰੇ ਕੀ ਕਰਾਂ?

ਮਹਿਕਦੇ ਸੀ ਨਾਲ ਤੇਰੇ ਜੋ ਖ਼ਿਆਲ,
ਸਹਿਕਦੇ ਨੇ ਹੁਣ ਵਿਚਾਰੇ ਕੀ ਕਰਾਂ?

ਪੁੱਗ ਨਹੀਂ ਸਕਦਾ ਕੋਈ ਇਕਰਾਰ ਜੋ,
ਰੱਖ ਆਪਣੇ ਕੋਲ, ਲਾਰੇ ਕੀ ਕਰਾਂ?

ਮੌਤ ਦਾ ਤਾਂ ਨਾਮ ਹੀ ਬਦਨਾਮ ਹੈ,
ਮਾਰਿਆ ਤੇਰੇ ਇਸ਼ਾਰੇ, ਕੀ ਕਰਾਂ?

ਡੁੱਬ ਗਈ ਬੇੜੀ ਜਿੰਨ੍ਹਾਂ ਨੂੰ ਲੱਭਦੀ,
ਦਿਸ ਪਏ ਨੇ ਹੁਣ ਕਿਨਾਰੇ ਕੀ ਕਰਾਂ?

ਛਿੜਕ ਕੇ ਰਾਤੀਂ ਮੇਰੇ ਜ਼ਖ਼ਮਾਂ ਤੇ ਲੂਣ,
ਹੱਸਦੇ ਰਹੇ ਚੰਨ ਤਾਰੇ ਕੀ ਕਰਾਂ?

ਆ ਗਈ ਜਦ ਬਾਗ ਸਾਰਾ ਸੜ ਗਿਆ,
ਦੱਸ ਹੁਣ ਤੈਨੂੰ ਬਹਾਰੇ ਕੀ ਕਰਾਂ?

●

## ਇਕਵੰਜਾ

❑

ਪਰਦੇਸਾਂ ਦੀ ਤਨਹਾਈ ਵਿਚ, ਮੈਂ ਯਾਰ ਬਣਾਈਆਂ ਦੋ ਜਣੀਆਂ।
ਕੋਈ ਰਾਤ ਵੀ ਐਸੀ ਰਾਤ ਨਹੀਂ, ਜਿਸ ਰਾਤ ਨਾ ਆਈਆਂ ਦੋ ਜਣੀਆਂ।

ਨਾ ਸੌਂਦੀਆਂ ਤੇ ਨਾ ਸੌਣ ਦੇਣ, ਇਹ ਬਾਣ ਅਨੋਖੀ ਇਨ੍ਹਾਂ ਦੀ,
ਜਿਸ ਪਲ ਅੱਖ ਲੱਗਣ ਲੱਗਦੀ ਏ, ਪਾ ਦੇਣ ਦੁਹਾਈਆਂ ਦੋ ਜਣੀਆਂ।

ਰੰਗ ਰੱਬ ਦੇ ਬੜੇ ਨਿਆਰੇ ਨੇ, ਕਦੇ ਇੱਕ ਨਾ ਖਲੋ ਕੇ ਲੰਘਦੀ ਸੀ,
ਜਦ ਮਿਹਰ ਪਈ ਮਨ ਉਸ ਦੇ ਤਾਂ, ਲਿਆ ਕੋਲ ਬਿਠਾਈਆਂ ਦੋ ਜਣੀਆਂ।

ਦਿਲ ਦੋਹਾਂ ਦਾ ਇਹ ਚਾਹੁੰਦਾ ਏ, ਕਿ ਮੈਂ ਓਸੇ ਦਾ ਹੋ ਜਾਵਾਂ.
ਤੱਕ ਭਖ਼ਦੀ ਮੇਰੀ ਜਵਾਨੀ ਨੂੰ, ਕਿਹੀਆਂ ਲਲਚਾਈਆਂ ਦੋ ਜਣੀਆਂ।

ਜ਼ੁਲਫ਼ਾਂ ਵਿੱਚ ਤਾਰੇ ਗੁੰਦ ਰਹੀ, ਲੱਕ ਰਾਤ ਦਾ ਦੂਹਰਾ ਹੋ ਜਾਵੇ,
ਮੇਰੇ ਸੱਜੇ ਖੱਬੇ ਬੈਠ ਕੇ ਜਦ, ਲੈਵਣ ਅੰਗੜਾਈਆਂ ਦੋ ਜਾਣੀਆਂ। .

ਕਈ ਵੇਰ ਖ਼ੁਸ਼ਾਮਦ ਇਨ੍ਹਾਂ ਦੀ, ਮੈਨੂੰ ਵੀ ਕਰਨੀ ਪੈਂਦੀ ਏ,
ਕੱਤਕ 'ਚ ਕਪਾਹ ਦੇ ਗੁਲ ਵਾਂਗੂੰ, ਰੋ ਰੋ ਕੇ ਹਸਾਈਆਂ ਦੋ ਜਣੀਆਂ।

ਇਹ ਦੋ ਜਣੀਆਂ, ਦੋ ਯਾਦਾਂ ਨੇ, ਇਕ ਵਤਨਾਂ ਦੀ, ਇਕ ਸੱਜਣਾਂ ਦੀ,
ਏਸੇ ਲਈ ਰਾਤ ਨੂੰ ਆਉਣੋਂ ਵੀ, ਨਹੀਂ ਜੇ ਸ਼ਰਮਾਈਆਂ ਦੋ ਜਣੀਆਂ!

●

## ਬਵੰਜਾ

❑

ਜਿਸ ਰਾਤ ਮੈਂ ਤੈਨੂੰ ਖੋ ਬੈਠਾ, ਉਸ ਰਾਤ ਸਿਤਾਰੇ ਮਿਲਦੇ ਰਹੇ।
ਧਰਤੀ ਤੇ ਪਿਆਰੇ ਵਿੱਛੜ ਗਏ, ਅੰਬਰ ਤੇ ਪਿਆਰੇ ਮਿਲਦੇ ਰਹੇ।

ਜਦ ਲੋੜ ਸੀ ਜੀਅ ਪਰਚਾਵਣ ਦੀ, ਰੰਗੀਨੀ ਮੈਥੋਂ ਦੂਰ ਰਹੀ,
ਦਿਲ ਟੁੱਟ ਗਿਆ ਤਾਂ ਹਰ ਪਾਸੇ, ਰੰਗੀਨ ਸਹਾਰੇ ਮਿਲਦੇ ਰਹੇ।

ਰਾਹਾਂ ਦੀ ਦੂਰੀ ਮਿਟਦੀ ਰਹੀ, ਹਰ ਕਦਮ ਅਗੇਰੇ ਪੈਂਦਾ ਰਿਹਾ,
ਜਿੰਨਾਂ ਚਿਰ ਤੇਰਿਆਂ ਨੈਣਾਂ 'ਚੋਂ, ਮੰਜ਼ਿਲ ਦੇ ਇਸ਼ਾਰੇ ਮਿਲਦੇ ਰਹੇ।

ਦਿਲ ਦੀ ਵੀਰਾਨੀ ਪਹਿਲਾਂ ਹੀ, ਕੁਝ ਰੂਹ ਤੇ ਛਾਉਂਦੀ ਜਾਂਦੀ ਸੀ,
ਤੇ ਇਸ ਦੇ ਨਾਲ ਹੁਸੀਨਾਂ ਦੇ, ਲਾਰੇ ਤੇ ਲਾਰੇ ਮਿਲਦੇ ਰਹੇ।

ਕੀ ਖੱਟਿਆ ਕੈਦੋਂ ਲੰਙੇ ਨੇ, ਵਿਸ਼ ਦੇ ਕੇ ਹੀਰ ਸਲੇਟੀ ਨੂੰ,
ਜੇ ਉਸ ਦੀ ਮੌਤ ਦੇ ਮਗਰੋਂ ਵੀ, ਝੰਗਾਂ ਤੇ ਹਜ਼ਾਰੇ ਮਿਲਦੇ ਰਹੇ।

●

## ਤਰਵੰਜਾ

❑

ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।
ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।

ਸੁਣਿਆ ਹੈ ਰਾਤ ਗ਼ੈਰ ਨੂੰ ਸੁਪਨੇ ਚ ਮਿਲੇ ਹੋ,
ਦੱਸੋ ਤੁਸੀਂ ਹੀ ਏਸ ਦਾ ਸ਼ਿਕਵਾ ਕਰਾਂ ਕਿ ਨਾ।

ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ,
ਕਹਿ ਦੇ ਜ਼ਰਾ ਕਿ ਜਾਣ ਦਾ ਵਾਅਦਾ ਕਰਾਂ ਕਿ ਨਾ।

ਇਹ ਸੋਚਦਾ ਹੀ ਸੋਚਦਾ ਕਾਅਬੇ ਤੋਂ ਮੁੜ ਪਿਆ,
ਤੇਰੀ ਦਲ੍ਹੀਜ਼ ਤੋਂ ਬਿਨਾਂ ਸਜਦਾ ਕਰਾਂ ਕਿ ਨਾ।

ਉਹ ਗੱਲ ਮੇਰੇ ਪਿਆਰ ਦੀ ਲੋਕਾਂ ਨੇ ਜਾਣ ਲਈ,
ਮੈਂ ਸਾਂ ਅਜੇ ਵਿਚਾਰਦਾ ਚਰਚਾ ਕਰਾਂ ਕਿ ਨਾ।

●

## ਚੁਰੰਜਾ

❑

ਬਣਦੇ ਨਜ਼ਰ ਨੇ ਆ ਰਹੇ, ਰੁਖ਼ ਉਸ ਤੂਫ਼ਾਨ ਦੇ।
ਦੁਸ਼ਮਣ ਅਜ਼ਲ ਤੋਂ ਜੋ ਰਹੇ, ਹਰ ਦਿਲ ਜਵਾਨ ਦੇ।

ਕੀਤੀ ਹਜ਼ਾਰ 'ਹਾਂ' ਦੇ ਬਾਅਦ, ਇਕ 'ਨਾਂਹ' ਉਨ੍ਹਾਂ ਜਦੋਂ,
ਗੱਲ ਕਰ ਗਏ ਖਰੀ ਖਰੀ, ਝੂਠੇ ਜਹਾਨ ਦੇ।

ਦਿਲ ਦਾ ਤਾਂ ਹਾਲ ਸੀ ਉਨ੍ਹਾਂ ਕਰਨਾ ਜੋ ਕਰ ਗਏ,
ਐਪਰ ਕੀ ਨਾਲ ਕਰ ਗਏ, ਮੇਰੇ ਈਮਾਨ ਦੇ।

ਉਨ੍ਹਾਂ ਦੇ ਜਾਣ ਨਾਲ ਹੀ, ਦਿਲ 'ਚੋਂ ਗਈ ਬਹਾਰ,
ਡਰਦੇ ਨੇ ਕੋਲ਼ ਆਉਣ ਤੋਂ ਸਭ ਦਿਲ ਵੀਰਾਨ ਦੇ।

ਪਾਉਂਦੇ ਨੇ ਲੱਖ ਕਹਾਣੀਆਂ ਇੱਕ ਜ਼ਿੰਦਗੀ 'ਚ ਲੋਕ,
ਬਣਦੇ ਅਸੀਂ ਹੀ ਰਹਿ ਗਏ ਇਕ ਦਾਸਤਾਨ ਦੇ।

ਦੱਸ ਕੇ ਨਵਾਂ ਹੀ ਰਾਹ ਤੇ 'ਆਹ' ਭਰ ਕੇ ਤੁਰ ਗਏ,
ਪੁੱਛੇ ਜਿੰਨ੍ਹਾਂ ਨੂੰ ਮੈਂ ਪਤੇ ਤੇਰੇ ਮਕਾਨ ਦੇ।

ਤਲੀਆਂ ਭੰਵਾਂ ਕੇ ਯਾਰ ਨੇ ਤਲਵਾਰ ਦੀ ਤਰ੍ਹਾਂ,
ਨੇੜੇ ਨੇ ਲੱਗਦੇ ਆ ਰਹੇ ਦਿਨ ਇਮਤਿਹਾਨ ਦੇ।

ਜਿਸ ਕਾਰਵਾਂ 'ਚ ਉਹ ਗਿਆ, ਉਹ ਕਾਰਵਾਂ ਤਾਂ ਕੀ,
ਸਾਨੂੰ ਮਿਲੇ ਨਿਸ਼ਾਨ ਨਾ ਉਸ ਕਾਰਵਾਨ ਦੇ।

ਗ਼ਮ ਵੀ ਖੁਸ਼ੀ ਸਮਾਨ ਹੈ, ਸਾਨੂੰ ਜੋ ਦੇ ਗਿਐ,
ਸ਼ਾਇਦ ਇਹੋ ਹੀ ਕੋਲ ਸੀ ਉਸ ਮਿਹਰਬਾਨ ਦੇ।

●

# ਬੈਚੇਨ ਰੂਹ ਦੀ ਭਟਕਣ- ਸੁਖਬੀਰ ਸੰਧੂ

*ਇਮਰੋਜ਼ ਸਿੰਘ ਮਾਨ**

ਹਰ ਜ਼ੁਬਾਨ ਵਿਚ ਕੁਝ ਸ਼ਾਇਰ ਜਾਂ ਲਿਖਾਰੀ ਅਜਿਹੇ ਹੁੰਦੇ ਨੇ ਜੋ ਖ਼ੁਦ ਸਾਰੀ ਇਸ ਗੱਲ ਤੋਂ ਨਾ-ਵਾਕਫ਼ਿ ਰਹਿੰਦੇ ਨੇ ਕਿ ਉਨ੍ਹਾਂ ਨੂੰ ਤਲਾਸ਼ ਜਾਂ ਪਿਆਸ ਆਖ਼ਿਰ ਹੈ ਕਿਸ ਗੱਲ ਦੀ। ਉਹ ਅਪਣੀ ਸਰਾਪੀ ਤੇ ਬੈਚੈਨ ਰੂਹ ਲੈ ਕੇ ਭਟਕਦੇ ਰਹਿੰਦੇ ਤੇ ਇਸੇ ਤਰ੍ਹਾਂ ਦੇ ਸਵਾਲ ਛੱਡ ਕੇ ਦੁਨੀਆ ਤੋਂ ਰੁਖ਼ਸਤ ਹੋ ਜਾਂਦੇ ਨੇ, ਤੇ ਬਾਅਦ 'ਚ ਸੋਚਣ ਵਾਲ਼ੇ ਅਪਣੇ ਤਰੀਕੇ ਨਾਲ਼ ਕ਼ਿਆਸ ਲਾ ਕੇ ਸ਼ਾਇਰ ਨੂੰ ਆਪੋ ਆਪਣੇ ਲਕਬ ਦੇ ਦਿੰਦੇ ਨੇ। ਲੇਕਿਨ ਉਸਦੀ ਬੇਚੈਨੀ ਦੇ ਅਸਲ ਕਾਰਣ ਦੀ ਥਹੁ ਪਾਉਣ ਬਾਰੇ ਕੋਈ ਨਹੀਂ ਸੋਚਦਾ। ਕੁਝ ਸਮਾਂ ਪਹਿਲਾ ਗੁਰਭਜਨ ਗਿੱਲ ਹੋਰਾਂ ਨਾਲ ਗੱਲਾਂ-ਗੱਲਾਂ ਵਿਚ ਸੁਖਬੀਰ ਸੰਧੂ ਦਾ ਨਾਮ ਸੁਣਿਆ।

ਇਹ ਨਾਮ ਮੇਰੇ ਲਈ ਓਪਰਾ ਤੇ ਅਜਨਬੀ ਸੀ। ਗੁਮਨਾਮ ਸ਼ਾਇਰਾਂ, ਅਦੀਬਾਂ ਨੂੰ ਲੱਭਦੇ ਰਹਿਣਾ ਜਾਂ ਉਨ੍ਹਾਂ ਕੋਈ ਲਿਖਤ ਲੱਭਣੀ ਮੇਰੇ ਲਈ ਦਿਲਚਸਪੀ ਦਾ ਆਧਾਰ ਹੈ।

ਸੁਖਬੀਰ ਦੀ ਲਿਖਤ ਨੂੰ ਨੁਸਰਤ ਫ਼ਤਹਿ ਅਲੀ ਖ਼ਾਂ ਹੋਰਾਂ ਨੇ ਗਾਉਣਾ ਹੋਰ ਵੀ ਹੈਰਤ ਜ਼ਦਾ ਗੱਲ ਸੀ। ਲੇਕਿਨ ਯੂ-ਟਿਊਬ 'ਤੇ ਗੀਤਕਾਰ ਦਾ ਨਾਮ ਨਹੀਂ ਸੀ। ਗਿੱਲ ਹੋਰਾਂ ਨੇ ਐਨਾ ਜ਼ਰੂਰ ਦੱਸ ਦਿੱਤਾ ਕਿ ਸੁਖਬੀਰ ਸੰਧੂ ਦੀ ਕਿਤਾਬ **"ਪਾਇਲ"** ਦੀ ਇਕ ਕੌਪੀ ਨਾਮਵਰ ਲਿਖਾਰੀ ਜਸਬੀਰ ਭੁੱਲਰ ਹੋਰਾਂ ਕੋਲ ਹੈ। ਬਾਕੀ ਕਿਸੇ ਜਗ੍ਹਾ ਤੋ ਮਿਲਣੀ ਲਗਭਗ ਨਾ-ਮੁਮਕਿਨ ਹੈ। ਜਸਬੀਰ ਭੁੱਲਰ ਹੋਰਾਂ ਨਾਲ਼ ਵਾਰ-ਵਾਰ ਰਾਬਤਾ ਕਰਨ 'ਤੇ ਉਨ੍ਹਾਂ ਨੇ ਘਰ ਮਿਲਣ ਲਈ ਸਮਾਂ ਦਿੱਤਾ ਤੇ ਕਿਤਾਬ ਦੀ ਫ਼ੋਨ ਵਿੱਚ pdf ਬਣਾਉਣ ਦੀ ਵੀ ਇਜਾਜ਼ਤ ਦੇ ਦਿੱਤੀ।

ਘਰ ਪਹੁੰਚਣ 'ਤੇ ਜਸਬੀਰ ਹੋਰਾਂ ਨੇ ਸੁਖਬੀਰ ਸੰਧੂ ਦੇ ਜ਼ਿੰਦਗੀਨਾਮੇ ਬਾਰੇ ਤਫ਼ਸੀਲ ਵਿਚ ਦੱਸਿਆ। ਜੋ ਸੁਣਨ ਵਿਚ ਬੇਹੱਦ ਦਰਦਨਾਕ ਤੇ ਖ਼ੌਫ਼ਜ਼ਦਾ ਸੀ ਕਿ ਕਿਸ ਤਰ੍ਹਾਂ ਇਕ ਸ਼ਖ਼ਸ ਭਟਕਣ ਹੰਢਾ ਕੇ ਦੁਨੀਆ ਤੋਂ ਮੁੜ ਗਿਆ ਤੇ ਜ਼ਿੰਦਗੀ 'ਚੋ ਕਸ਼ੀਦ ਕੀਤੀ ਕੁੜੱਤਣ ਪਿੱਛੇ ਲਿਖਤਾਂ ਵਿਚ ਛੱਡ ਗਿਆ। ਆਖ਼ਿਰਕਾਰ ਲੰਮੇ ਵਕਫ਼ੇ ਤੋਂ ਬਾਅਦ ਇਹ ਕਿਤਾਬ ਦੁਬਾਰਾ ਛੱਪ ਕੇ ਸਾਡੇ ਸਭ ਦੇ ਸਨਮੁਖ ਹੋਵੇਗੀ ਤੇ ਭੁੱਲੇ ਵਿਸਰੇ ਸੁਖਬੀਰ ਸੰਧੂ ਨੂੰ ਅਣਗੌਲ਼ੇ ਤੋਂ ਗੌਲਿਆ ਜਾਣ ਵਾਲ਼ਾ ਸ਼ਾਇਰ ਸਿੱਧ ਕਰੇਗੀ।

---

**ਸਲਾਹਕਾਰ (ਪੰਜਾਬੀ) ਰੇਖਤਾ ਫਾਊਂਡੇਸ਼ਨ, ਨਵੀ ਦਿੱਲੀ*

# ਉਸ ਬੇਵਫ਼ਾ ਦੀ ਯਾਦ ਵਿੱਚ...

*ਜਸਬੀਰ ਭੁੱਲਰ**

ਆਸਮਾਨ ਉੱਤੇ ਉਸ ਤਾਰੇ ਦੀ ਕਿਸੇ ਨੂੰ ਸੋਅ ਤੱਕ ਵੀ ਨਹੀਂ ਸੀ। ਫਿਰ ਇਕ ਦਿਨ ਉਹ ਹੁਣ ਵੀ ਆ ਗਿਆ ਜਦ ਚਾਨਣ ਦੀ ਇਕ ਲੀਕ ਭੌਲੇ ਜਿਹੇ ਵਾਂਗ ਦਿਸੀ ਤੇ ਮੁੱਕ ਵੀ ਗਈ।

ਸੁਖਬੀਰ ਸਿੰਘ ਸੰਧੂ ਉਸ ਟੁੱਟੇ ਹੋਏ ਤਾਰੇ ਦਾ ਨਾਂ ਸੀ।

ਕੌਣ ਸੁਖਬੀਰ ਸੰਧੂ?

ਇਹ ਸੁਆਲ ਹਰ ਆਮੋ ਖ਼ਾਸ ਦਾ ਮੇਰੇ ਲਈ ਹੋ ਸਕਦਾ ਹੈ। ਉਸ ਨੂੰ ਗਏ ਨੂੰ ਚਾਲੀ ਵਰ੍ਹਿਆਂ ਤੋਂ ਵੱਧ ਹੋ ਗਏ ਨੇ। ਭੁਲੇਖੇ ਜਿਹੇ ਵਾਂਗੂੰ ਵੀ ਉਹਦਾ ਨਾਂ ਕਿਸੇ ਦੇ ਚੇਤੇ ਵਿੱਚ ਨਹੀਂ। ਕੀ ਦੱਸਾਂ? ਜੀਹਨੇ ਸ਼ਾਇਰੀ ਦੇ ਅੰਬਰ ਦਾ ਰੌਸ਼ਨ ਸਿਤਾਰਾ ਹੋਣਾ ਸੀ, ਅਸੀਂ ਉਹਨੂੰ ਗੌਲ਼ਿਆ ਤੱਕ ਵੀ ਨਹੀਂ।

ਸੁਖਬੀਰ ਸੰਧੂ ਤਾਂ ਚਾਹੁੰਦਾ ਸੀ, ਲੋਕਾਂ ਦੇ ਦਿਲਾਂ ਵਿੱਚ ਵੀ ਉਹਦਾ ਨਾਂ ਹੋਵੇ ਤੇ ਵਕਤ ਦੇ ਸਫ਼ੇ ਉੱਤੇ ਵੀ। ਇਹਦੇ ਲਈ ਉਹਨੇ ਜਿਊਣ ਜੋਗੀਆਂ ਨਜ਼ਮਾਂ ਵੀ ਲਿਖ ਲਈਆਂ ਸਨ ਤੇ ਗ਼ਜ਼ਲਾਂ ਵੀ। ਪਰ ਨੇੜਲੇ ਬਨੇਰਿਆਂ ਉੱਤੇ ਗਿਰਝਾਂ ਬੈਠੀਆਂ ਸਨ। ਉਨ੍ਹਾਂ ਲਈ ਉਸਦਾ ਕਾਵਿ ਮਾਸੂਮ ਪਰਿੰਦਿਆਂ ਵਾਂਗੂੰ ਸੀ। ਉਹਨਾਂ ਦੇ ਤਿੱਖੇ ਪੰਜਿਆਂ ਨੇ ਉਨ੍ਹਾਂ ਪਰਿੰਦਿਆਂ ਨੂੰ ਬੋਚ ਲਿਆ ਸੀ ਤੇ ਫਿਰ ਲਿਬੜੀਆਂ ਚੁੰਝਾਂ ਨਾਲ ਬੋਲੇ ਸਨ "ਇਹ ਨਜ਼ਮਾਂ ਵੀ ਸਾਡੇ ਨਾਂ ਦੀਆਂ ਨੇ ਤੇ ਗ਼ਜ਼ਲਾਂ ਵੀ।"

ਆਪਣੇ ਕਲਾਮ ਦਾ ਇਹ ਹਸ਼ਰ ਵੇਖਣ ਤੋਂ ਪਹਿਲਾਂ ਸੁਖਬੀਰ ਸੰਧੂ ਮਰ ਗਿਆ ਸੀ। ਕਿਸੇ ਅਖ਼ਬਾਰ ਨੇ ਉਹਦੇ 'ਹੈ' ਤੋਂ 'ਸੀ' ਹੋ ਜਾਣ ਦੀ ਖ਼ਬਰ ਨਹੀਂ ਸੀ ਛਾਪੀ। ਹੌਕਿਆਂ ਦਾ ਹਜੂਮ ਉਹਦੇ ਘਰ ਦੇ ਬੂਹੇ ਤੱਕ ਨਹੀਂ ਸੀ ਆਇਆ।

ਉਹ, ਜੋ ਮੇਰਾ ਮੁਹੱਬਤੀ ਸੀ, ਮੈਥੋਂ ਵੀ ਗੁਆਚਾ ਹੀ ਰਿਹਾ ਹੈ ਉਹ।

ਹੁਣ ਮੈਂ ਉਹਨੂੰ ਲੱਭਣ ਦੇ ਰਾਹ ਤੁਰਿਆ ਹਾਂ। ਉਹਦੇ ਬਾਰੇ ਇਹ ਮਜ਼ਮੂਨ

---

**ਮੋਹਾਲੀ*

ਲਿਖਣ ਬੈਠਾਂ ਹਾਂ ਤਾਂ ਸੋਚ ਰਿਹਾ ਹਾਂ, "ਕਾਸ਼ ਮੇਰੀ ਕਲਮ ਵਿੱਚ ਏਨਾ ਕੁ ਜ਼ੋਰ ਹੋਵੇ ਕਿ ਮੈਂ ਸੁਖਬੀਰ ਸੰਧੂ ਨੂੰ ਕਾਗ਼ਜ਼ਾਂ ਉੱਤੇ ਜਿਊਂਦਿਆਂ ਕਰ ਲਵਾਂ।

ਮੈਂ ਆਪਣੇ ਚੇਤਿਆਂ ਦਾ ਸੰਦੂਕ ਫਰੋਲਿਆ, ਕੁਝ ਖਸਤਾ ਹਾਲ ਕਾਤਰਾਂ ਮੈਨੂੰ ਲੱਭ ਵੀ ਪਈਆਂ ਨੇ। ਟੁੱਟੇ, ਤਿੜਕੇ ਅਤੇ ਖਿੱਲਰੇ ਹੋਏ ਸ਼ਾਇਰ ਸੁਖਬੀਰ ਸੰਧੂ ਦੇ ਹੋਣ ਦੀਆਂ ਬੇਤਰਹੀਬ ਅਤੇ ਅੱਧੀਆਂ-ਅਧੂਰੀਆਂ ਕਾਤਰਾਂ ਨਾਲ ਮੈਂ ਕੋਲਾਜ ਬਨਾਉਣ ਵੱਲ ਅਹੁਲਿਆ ਹਾਂ। ਤਵੱਕੋ ਮੇਰੀ ਇਹ ਵੀ ਹੈ ਕਿ ਉਹ ਕੋਲਾਜ ਸੁਖਬੀਰ ਸੰਧੂ ਦਾ ਚਿੱਤਰ ਹੋ ਜਾਵੇ।

12 ਅਗਸਤ 1932 ਨੂੰ ਜਨਮੇ ਸੁਖਬੀਰ ਸਿੰਘ ਸੰਧੂ ਦਾ ਜੱਦੀ ਪਿੰਡ ਕਲਸੀਆਂ ਖੁਰਦ ਸੀ। ਉਹਦੇ ਪਿਤਾ ਸ: ਸਰਦਾਰਾ ਸਿੰਘ ਸੰਧੂ ਤਰਨ ਤਾਰਨ ਸ਼ਹਿਰ ਦੇ ਇਕ ਸਕੂਲ ਵਿੱਚ ਅਧਿਆਪਕ ਹੋਏ ਤਾਂ ਪਰਿਵਾਰ ਵੀ ਤਰਨ ਤਾਰਨ ਦਾ ਵਸਨੀਕ ਹੋ ਗਿਆ। ਇਥੇ ਰਹਿੰਦਿਆਂ ਸੁਖਬੀਰ ਨੇ ਆਪਣੀ ਐਮ.ਏ.ਬੀ.ਟੀ. ਤੱਕ ਦੀ ਪੜ੍ਹਾਈ ਪੂਰੀ ਕੀਤੀ।

ਸੁਖਬੀਰ ਸੰਧੂ ਦੀ ਮੁੱਢੋਂ ਸੁੱਢੋਂ ਹੀ ਸ਼ਾਇਰਾਨਾ ਬਿਰਤੀ ਸੀ। ਲੱਗਦਾ ਸੀ, ਉਹ ਕਵਿਤਾ ਦਾ ਬਣਿਆ ਹੋਇਆ ਹੈ। ਗੱਲ ਗੱਲ ਉੱਤੇ ਉਹਦੇ ਅੰਦਰਲੀ ਕਵਿਤਾ ਉਜਾਗਰ ਹੁੰਦੀ ਰਹਿੰਦੀ ਸੀ।

ਇਕ ਵਿਆਹ ਵੇਲੇ ਉਹ ਦੋਸਤਾਂ ਦੀ ਮਹਿਫ਼ਿਲ ਵਿੱਚ ਬੈਠਾ ਹੋਇਆ ਸੀ। ਬਰਾਤ ਉਤਾਰੇ ਵਾਲੀ ਥਾਂ ਦੇ ਸਾਹਮਣੇ ਇਕ ਚੁਬਾਰਾ ਸੀ। ਉਸ ਚੁਬਾਰੇ ਦੀ ਖਿੜਕੀ ਥੋੜ੍ਹੀ ਜਿਹੀ ਖੁੱਲ੍ਹੀ। ਕੋਈ ਉਸ ਖਿੜਕੀ ਵਿੱਚੋਂ ਬਰਾਤੀਆਂ ਦੀ ਰੌਣਕ ਵੱਲ ਝਾਕਿਆ ਤੇ ਫਿਰ ਉਹ ਖਿੜਕੀ ਝੱਟ ਪੱਟ ਬੰਦ ਹੋ ਗਈ।

ਯਾਰਾਂ ਨੇ ਆਖਿਆ, "ਸੁਖਬੀਰ! ਤੈਨੂੰ ਤਾਂ ਮੰਨੀਏਂ ਜੇ ਇਸੇ ਮੌਜੂ ਉੱਤੇ ਕੋਈ ਸ਼ੇਅਰ ਕਹਿ ਦੇਵੇਂ।"

ਉਸ ਉਚਾਰਿਆ :

*"ਖਿੜਕੀ ਖੁੱਲ੍ਹਦੀ ਖੁੱਲ੍ਹਦੀ ਬੰਦ ਹੋ ਗਈ*
*ਪਤਾ ਨਈਂ ਕਿਸਮਤ ਰੁੱਸ ਗਈ*
*ਕਿ ਰਜ਼ਾਮੰਦ ਹੋ ਗਈ।"*

ਉਹ ਚੜ੍ਹਦੀ ਉਮਰੇ ਹੀ ਸਾਰੇ ਦਾ ਸਾਰਾ ਕਵਿਤਾ ਹੋ ਗਿਆ ਸੀ, ਉਹ ਉਹਦੀ ਸੰਵੇਦਨਾ ਦੇ ਸਿਖ਼ਰ ਦਾ ਵੇਲਾ ਸੀ। ਉਦੋਂ ਹੀ ਉਹਦੀ ਇਹ ਗ਼ਜ਼ਲ ਰੌਂਦ ਵਿੱਚ ਆਈ ਸੀ।

*ਉਸ ਬੇਵਫ਼ਾ ਦੀ ਯਾਦ ਵਿੱਚ ਰੋਇਆ ਕਰਾਂ ਕਿ ਨਾ।*
*ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।*

ਮੈਨੂੰ ਨਹੀਂ ਪਤਾ ਕਿ ਪਾਕਿਸਤਾਨ ਵਿੱਚ ਇਹ ਗਜ਼ਲ ਕਿਸ ਤਰ੍ਹਾਂ ਪਹੁੰਚੀ। ਉਥੇ ਇਸ ਗ਼ਜ਼ਲ ਨੂੰ ਨੁਸਰਤ ਫ਼ਤਹਿ ਅਲੀ ਖ਼ਾਨ, ਅਕਰਮ ਰਾਹੀ, ਮਰਾਤਬ ਅਲੀ, ਨਸੀਬੋ ਲਾਲ ਅਤੇ ਹੋਰ ਪਤਾ ਨਹੀਂ ਕੀਹਨੇ ਕੀਹਨੇ ਗਾਇਆ ਹੈ। ਉਨ੍ਹਾਂ ਵਿੱਚੋਂ ਕਿਸੇ ਗਾਇਕ ਨੇ ਵੀ ਇਸ ਗ਼ਜ਼ਲ ਦਾ ਸੁਖਬੀਰ ਸੰਧੂ ਦੀ ਹੋਣ ਬਾਰੇ ਜ਼ਿਕਰ ਨਹੀਂ ਕੀਤਾ। ਬਸ ਚੁੱਪ ਵੱਟ ਲਈ ਹੈ। ਕਈਆਂ ਨੇ ਇਸ ਗ਼ਜ਼ਲ ਨੂੰ ਤਾਂ ਆਪਣੀ ਲਿਖੀ ਹੋਈ ਕਹਿ ਕੇ ਗਾ ਲਿਆ।

ਪੰਜਾਬ ਦੇ ਕਾਲਜਾਂ ਵਿੱਚ ਹੋਣ ਵਾਲੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਮੈਨੂੰ ਕਈ ਵਾਰ ਜੱਜ ਬਣ ਕੇ ਜਾਣ ਦਾ ਮੌਕਾ ਮਿਲਿਆ ਹੈ। ਬਹੁਤ ਥਾਂਈਂ ਇਹ ਗ਼ਜ਼ਲ ਵਿਦਿਆਰਥੀਆਂ ਨੇ ਸ਼ਿਵ ਕੁਮਾਰ ਬਟਾਲਵੀ ਦੀ ਗ਼ਜ਼ਲ ਕਹਿ ਕੇ ਸੁਣਾਈ ਹੈ। ਉਹਨਾਂ ਵਿਦਿਆਰਥੀਆਂ ਦੇ ਪ੍ਰੋਫ਼ੈਸਰਾਂ ਨੇ ਉਹਨਾਂ ਨੂੰ ਨਹੀਂ ਸੀ ਦੱਸਿਆ ਕਿ ਇਹ ਗ਼ਜ਼ਲ ਸੁਖਬੀਰ ਸੰਧੂ ਦੀ ਲਿਖੀ ਹੋਈ ਹੈ। ਪਰ ਦੱਸਦੇ ਵੀ ਕਿਵੇਂ? ਪਤਾ ਤਾਂ ਆਪ ਨੂੰ ਵੀ ਨਹੀਂ ਸੀ।

ਮੇਰਾ ਮਨ ਉਦਾਸ ਹੈ ਕਿ ਗ਼ਜ਼ਲ ਸੁਖਬੀਰ ਸੰਧੂ ਦੀ ਹੋ ਕੇ ਵੀ ਸੁਖਬੀਰ ਸੰਧੂ ਦੀ ਨਹੀਂ ਹੋਈ।

ਤੌਂਬਾ ਏਨਾ ਜਬਰ !

ਇਹ ਗ਼ਜ਼ਲ ਸਭ ਤੋਂ ਪਹਿਲਾਂ 1963-64 ਵਿੱਚ ਕਰਤਾਰ ਸਿੰਘ ਬਲੱਗਣ ਅਤੇ ਵਿਧਾਤਾ ਸਿੰਘ ਤੀਰ ਦੇ ਰਸਾਲੇ 'ਕਵਿਤਾ' ਵਿੱਚ ਛਪੀ ਸੀ। ਬਾਅਦ ਵਿੱਚ ਇਹ ਗ਼ਜ਼ਲ ਉਸ ਦੇ ਗ਼ਜ਼ਲ ਸੰਗ੍ਰਹਿ 'ਪਾਇਲ' (1973) ਵਿੱਚ ਵੀ 53ਵੀਂ ਗ਼ਜ਼ਲ ਵਜੋਂ ਸ਼ਾਮਿਲ ਹੋਈ। ਹੁਣ ਇਹ ਗ਼ਜ਼ਲ ਇਸ ਪੁਸਤਕ ਦੇ ਪੰਨਾ 78 ਤੇ ਹਾਜ਼ਰ ਹੈ।

ਮੇਰਾ ਦਿਲ ਕਰਦਾ ਏ ਕਿ ਹਰ ਇੱਕ ਤਾਈਂ ਇਹ ਖ਼ਬਰ ਪੁੱਜਦੀ ਕਰ ਦੇਵਾਂ ਕਿ **'ਉਸ ਬੇਵਫ਼ਾ ਦੀ ਯਾਦ ਵਿੱਚ....'** ਸੁਖਬੀਰ ਸੰਧੂ ਦੀ ਲਿਖੀ ਗ਼ਜ਼ਲ ਹੈ, ਕਿਸੇ ਵੀ ਲੇਖਕ ਨੂੰ ਉਹਦੀ ਰਚਨਾ ਲਈ ਏਨਾ ਕੁ ਮਾਣ ਦੇਣਾ ਤਾਂ ਬਣਦਾ ਹੀ ਹੈ।

ਰਾਬਿੰਦਰਾ ਨਾਥ ਟੈਗੋਰ ਦਾ ਸ਼ਾਹਕਾਰ ਕਾਵਿ 'ਗੀਤਾਂਜਲੀ' ਸੁਖਬੀਰ ਸੰਧੂ ਨੇ ਅੰਗਰੇਜ਼ੀ ਵਿੱਚ ਪੜ੍ਹਿਆ ਤਾਂ ਮੋਹਿਆ ਗਿਆ। ਉਹਨੇ 'ਗੀਤਾਂਜਲੀ' ਦਾ ਪੰਜਾਬੀ ਅਨੁਵਾਦ ਕਰਨ ਦਾ ਮਨ ਬਣਾ ਲਿਆ। ਅਨੁਵਾਦ ਦਾ ਕਾਰਜ

ਤਪੱਸਿਆ ਵਾਂਗੂੰ ਸ਼ੁਰੂ ਹੋਇਆ ਤੇ ਫਿਰ ਮੁੱਕ ਵੀ ਗਿਆ। ਮੈਨੂੰ ਉਹ ਅਨੁਵਾਦ ਉਦੋਂ ਹੀ ਪੜ੍ਹਨ ਦਾ ਅਵਸਰ ਮਿਲਿਆ ਸੀ। ਮੈਂ ਹੈਰਾਨ ਹੋਇਆ ਸਾਂ। ਉਹ ਅਨੁਵਾਦ ਕਮਾਲ ਦਾ ਸਿਖ਼ਰ ਸੀ। ਸੁਖਬੀਰ ਸੰਧੂ ਦੇ ਕਾਵਿ ਅਨੁਵਾਦ ਨੇ ਮੈਨੂੰ ਰਾਬਿੰਦਰਾ ਨਾਥ ਟੈਗੋਰ ਦੇ ਕਾਵਿ ਨਾਲੋਂ ਵੀ ਵੱਧ ਪ੍ਰਭਾਵਿਤ ਕੀਤਾ ਸੀ।

ਉਸ ਅਨੁਵਾਦ ਦੀਆਂ ਬਹੁਤ ਸਾਰੀਆਂ ਸਤਰਾਂ ਮੇਰੇ ਚੇਤੇ ਵਿੱਚ ਲਹਿ ਗਈਆਂ ਸਨ। ਉਸ ਅਨੁਵਾਦ ਦੀਆਂ ਕੁਝ ਸਤਰਾਂ ਤਾਂ ਏਨੇ ਵਰ੍ਹੇ ਬੀਤ ਜਾਣ ਪਿੱਛੋਂ ਵੀ ਮੈਨੂੰ ਯਾਦ ਹਨ। ਮੇਰੇ ਚੇਤੇ ਦੀਆਂ ਉਹ ਕੁਝ ਸਤਰਾਂ ਅੰਗਰੇਜ਼ੀ ਵਿੱਚ ਇਸ ਤਰ੍ਹਾਂ ਹਨ:

Where the mind is without fear
Where the head is held high
Where the world has not been
Broken up into fragments by
narrow domestic walls.
.....
Into that heaven of freedom
My father, let my country awake.

ਉਪਰੋਕਤ ਸਤਰਾਂ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਸੀ:

*"ਜਿਥੇ ਦਿਲ ਡਰ ਤੋਂ ਖ਼ਾਲੀ ਹੈ,*
*ਤੇ ਧੌਣ ਝੁਕਾਈ ਨਈਂ ਜਾਂਦੀ।*
*ਜਿਥੇ ਘਰ ਦਾ ਵਿਹੜਾ ਵੰਡਣ ਲਈ,*
*ਕੋਈ ਕੰਧ ਬਣਾਈ ਨਈਂ ਜਾਂਦੀ।*
....
*ਉਸ ਖੁੱਲ੍ਹਾਂ ਵਾਲੇ ਮੰਡਪ ਵਿੱਚ,*
*ਹੇ ਪਿਤਾ ਪੁਚਾ ਦੇ ਦੇਸ ਮੇਰਾ।"*

'ਗੀਤਾਂਜਲੀ' ਦਾ ਉਹ ਅਨੁਵਾਦ ਹੁਣ ਕਿਧਰੇ ਨਹੀਂ ਮਿਲਦਾ। ਸ਼ਾਇਦ ਉਸ ਅਨੁਵਾਦ ਨੂੰ ਸਿਓਂਕ ਖਾ ਗਈ ਹੋਵੇ! ਜਾਂ ਸ਼ਾਇਦ ਰੱਦੀ ਵਿੱਚ ਵਿਕ ਗਿਆ ਹੋਵੇ। ਪਰ ਮੈਂ ਦਾਅਵੇ ਨਾਲ ਏਨੀ ਕੁ ਗੱਲ ਤਾਂ ਹੁਣ ਵੀ ਕਹਿ ਸਕਦਾ ਹਾਂ ਕਿ 'ਗੀਤਾਂਜਲੀ' ਦਾ ਏਡਾ ਸੁਹਣਾ ਅਨੁਵਾਦ ਸ਼ਾਇਦ ਹੀ ਕਿਸੇ ਹੋਰ ਨੇ

ਕੀਤਾ ਹੋਵੇ। ਸੁਖਬੀਰ ਸੰਧੂ ਵਧੀਆ ਸ਼ਾਇਰ ਤਾਂ ਸੀ ਹੀ, ਪਰ ਅਨੁਵਾਦਕ ਵੀ ਵੱਡਾ ਸੀ।

***

ਜਦੋਂ ਸੁਖਬੀਰ ਸੰਧੂ ਮੇਰਾ ਕਰੀਬੀ ਰਿਸ਼ਤੇਦਾਰ ਹੋਇਆ ਤਾਂ ਜ਼ਿੰਦਗੀ ਨਾਲ ਭਰਿਆ ਹੋਇਆ ਸੀ।

ਉਹ ਮੈਥੋਂ ਵੱਡੀ ਭੈਣ ਨਿਰਮਲ ਦਾ ਪਤੀ ਸੀ।

ਉਹ ਕੁਝ ਕੁਝ ਬਾਤਾਂ ਦੇ ਪਾਤਰਾਂ ਵਾਗੂੰ ਸੀ, ਉਸਦੇ ਹੱਸਦਿਆਂ ਫੁੱਲ ਝੜਦੇ ਸਨ, ਫੁੱਲ ਖਿੜਦੇ ਵੀ ਸਨ।

ਆਪਣੇ ਗੁਣਾਂ ਸਦਕਾ ਉਹ ਰਿਸ਼ਤੇਦਾਰ ਨਾਲੋਂ ਵੱਧ ਮੇਰਾ ਕਰੀਬੀ ਦੋਸਤ ਹੋ ਗਿਆ ਸੀ, ਉਹ ਮੇਰੇ ਲੇਖਕ ਬਣਨ ਦੀ ਪ੍ਰੇਰਨਾ ਵੀ ਬਣਿਆ ਸੀ।

ਉਹਦਾ ਸਾਥ ਜਿਉਣ ਦੇ ਪਲ ਸਿਰਜਦਾ ਸੀ।

ਮੈਂ ਪ੍ਰਹੇਜ਼ਗਾਰ ਸਾਂ, ਪਰ ਸੁਖਬੀਰ ਸੰਧੂ ਪ੍ਰਹੇਜ਼ਗਾਰ ਨਹੀਂ ਸੀ। ਦੋਸਤਾਂ ਵਿੱਚ ਬੈਠ ਕੇ ਉਹ ਕਦੀ ਕਦਾਈ ਸ਼ਰਾਬ ਪੀ ਲੈਂਦਾ ਸੀ।

ਮੈਂ ਇਕ ਸੈਨਿਕ ਸਾਂ। ਮੇਰੇ ਕਿੱਤੇ ਦਾ ਇਹ ਸੁਭਾਅ ਨਹੀਂ ਸੀ ਕਿ ਇਕ ਥਾਂ ਖਲੋਣਾ, ਉਥੇ ਜੜ੍ਹਾਂ ਫੜ ਲਵਾਂ ਤੇ ਰੁੱਖ ਹੋ ਜਾਵਾਂ।

ਫੌਜ ਮੈਨੂੰ ਮੇਰੇ ਘਰ ਤੋਂ ਪਰ੍ਹਾਂ ਪਰ੍ਹਾਂ ਹੀ ਰੱਖਦੀ ਸੀ।

ਸੁਖਬੀਰ ਸੰਧੂ ਮੇਰੇ ਘਰ ਨੂੰ ਪੁੱਤ ਦੀ ਗ਼ੈਰ ਹਾਜ਼ਰੀ ਮਹਿਸੂਸ ਨਹੀਂ ਸੀ ਹੋਣ ਦਿੰਦਾ। ਉਹ ਘਰ ਦਾ ਪੁੱਤ ਬਣ ਕੇ ਕੰਮ ਕਰਦਾ ਸੀ।

ਇੱਕ ਵਾਰੀ ਮੈਂ ਕਿਧਰੇ ਦੂਰ ਮੁਹਾਜ਼ ਉੱਤੇ ਬੈਠਾ ਹੋਇਆ ਸਾਂ। ਮੇਰੀ ਬੀਵੀ ਮੇਰੇ ਮਾਂ-ਪਿਉ ਕੋਲ ਸਹੁਰੇ ਘਰ ਸੀ। ਉਹਦੇ ਪਿਤਾ ਜੀ ਉਸ ਨੂੰ ਮਿਲਣ ਆਏ।

ਗਰਮੀਆਂ ਦੇ ਦਿਨ ਸਨ। ਬੱਤੀ ਗੁੱਲ ਸੀ। ਪਿਤਾ ਜੀ ਦੇ ਸੌਣ ਲਈ ਮੰਜਾ ਛੱਤ ਉੱਤੇ ਡਾਹੁਣ ਦੀ ਲੋੜ ਸੀ। ਸੁਖਬੀਰ ਨੇ ਮੰਜਾ ਚੁੱਕਿਆ ਤੇ ਪੌੜੀਆਂ ਦੇ ਰਾਹ ਛੱਤ ਉੱਤੇ ਲੈ ਗਿਆ। ਦੂਜੇ ਗੇੜੇ ਉਹ ਬਿਸਤਰਾ ਵੀ ਲੈ ਗਿਆ।

ਸੁਖਬੀਰ ਨੇ ਮੰਜਾ ਡਾਹ ਕੇ ਸਲੀਕੇ ਨਾਲ ਬਿਸਤਰਾ ਵਿਛਾ ਦਿੱਤਾ।

"ਸਾਡੇ ਮਾਲਵੇ ਵੱਲ ਤਾਂ ਜਵਾਈ ਇਸ ਤਰ੍ਹਾਂ ਨਹੀਂ ਕਰਦੇ।" ਮੇਰੀ ਬੀਵੀ ਹੈਰਾਨ ਹੋਈ ਸੀ।

ਸੁਖਬੀਰ ਇਸੇ ਤਰ੍ਹਾਂ ਦਾ ਹੀ ਸੀ। ਉਹਨੂੰ ਕੰਮ ਆਉਣ ਦਾ ਚਾਅ ਚੜ੍ਹਿਆ ਰਹਿੰਦਾ ਸੀ।

ਉਹਨੂੰ ਸਿਰਫ਼ ਤੇ ਸਿਰਫ਼ ਪਿਆਰ ਵੰਡਣਾ ਆਉਂਦਾ ਸੀ। ਉਹਦੀ ਜ਼ਿੰਦਗੀ ਦੀ ਤਰਜ਼ ਵੀ ਇਹੋ ਸੀ।

ਅਧਿਆਪਕ ਦੇ ਕਿੱਤੇ ਤੋਂ ਮੁਕਤ ਹੋ ਕੇ ਸੁਖਬੀਰ ਸੰਧੂ ਪੰਜਾਬ ਸਰਕਾਰ ਦੇ ਲੋਕ ਸੰਪਰਕ ਮਹਿਕਮੇ ਵਿੱਚ ਡਰਾਮਾ ਇੰਸਪੈਕਟਰ ਹੋ ਗਿਆ। ਡਰਾਮਾ ਇੰਸਪੈਕਟਰ ਵਜੋਂ ਕਪੂਰਥਲਾ ਉਹਦੀ ਕਰਮ ਭੂਮੀ ਸੀ। ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾ ਕੇ ਨਾਟਕ ਖੇਡਣੇ ਉਹਨੂੰ ਸਕੂਨ ਦਿੰਦੇ ਸਨ। ਮੰਚ ਦੀ ਸਹੂਲਤ ਕਾਰਨ ਉਹਦਾ ਕਲਾਮ ਵੀ ਲੋਕਾਂ ਤੱਕ ਪਹੁੰਚਦਾ ਸੀ। ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਪਿੰਡ ਵਾਲਿਆਂ ਦੀ ਪ੍ਰਾਹੁਣਾਚਾਰੀ ਵਿੱਚ ਸ਼ਰਾਬ ਵੀ ਸ਼ਾਮਲ ਹੁੰਦੀ ਸੀ। ਨਿੱਤ ਦੀ ਸ਼ਰਾਬ ਹੌਲੀ-ਹੌਲੀ ਉਸ ਦੀ ਆਦਤ ਵਿੱਚ ਸ਼ੁਮਾਰ ਹੋ ਗਈ। ਉਹ ਇਹੀ ਵੇਲਾ ਸੀ ਜਦੋਂ ਕਵਿਤਾ ਉਹਦੇ ਨਾਲ ਰੁੱਸਣ ਲੱਗ ਪਈ ਸੀ।

ਘਰ ਦਿਆਂ ਦੀ ਝਾੜ-ਝੰਭ ਉੱਤੇ ਉਹ ਹੱਸ ਕੇ ਆਖਦਾ, "ਸ਼ਰਾਬ ਦਾ ਕੀ ਏ। ਇਹ ਤਾਂ ਮੈਂ ਕਦੋਂ ਵੀ ਛੱਡ ਸਕਦਾ ਵਾਂ। ਬੱਸ, ਯਾਰਾਂ ਵਿੱਚ ਬੈਠ ਕੇ ਪੀ ਲੈਨਾ ਵਾਂ। ਡਰਦਾ ਵਾਂ ਕਿਤੇ ਉਹਨਾਂ ਵਿੱਚ ਬੈਠਾ ਅਜਨਬੀ ਨਾ ਹੋ ਜਾਵਾਂ।"

ਉਦੋਂ ਸੁਖਬੀਰ ਸੰਧੂ ਖੁਦ ਨੂੰ ਧੋਖਾ ਦੇਣ ਲੱਗ ਪਿਆ ਸੀ। ਉਹਦੇ ਕਲਾਮ ਵਿੱਚ ਵੀ ਸ਼ਰਾਬ ਨੇ ਦਾਖ਼ਲਾ ਲੈ ਲਿਆ ਸੀ।

"ਔਹ ਆ ਗਈ ਉ ਕਾਲੀ ਘਟਾ ਸਾਕੀਆ।
ਜ਼ਰਾ ਦੌਰ ਮੁੜ ਕੇ ਚਲਾ ਸਾਕੀਆ।

ਮੇਰੀ ਭਗਤੀ, ਪੂਜਾ ਹੈ ਅੱਜ ਤੋਂ ਸ਼ਰਾਬ,
ਤੂੰ ਮੇਰਾ ਅੱਜ ਤੋਂ ਖ਼ੁਦਾ ਸਾਕੀਆ।

ਪਿਲਾ ਹੁਣ, ਨਾ ਕਰ ਦੇਰ ਮਜਬੂਰ ਹਾਂ,
ਸਬਰ ਦੀ ਵੀ ਹੈ ਇੰਤਹਾ ਸਾਕੀਆ।"

ਸ਼ਰਾਬ, ਕਵਿਤਾ ਨੂੰ ਸੁਖਬੀਰ ਸੰਧੂ ਦੀ ਗਲਵੱਕੜੀ 'ਚੋਂ ਖੋਹ ਰਹੀ ਸੀ। ਨਸ਼ੇ ਦੀ ਘੁੰਮਣਘੇਰੀ ਵਿਚ ਫਸੇ ਨੂੰ ਜਦੋਂ ਕੋਈ ਛੱਲ ਸਵੈ ਵੱਲ ਲੈ ਆਉਂਦੀ ਸੀ ਤਾਂ ਉਹ ਪ੍ਰੇਸ਼ਾਨ ਹੋ ਜਾਂਦਾ ਸੀ। ਉਦੋਂ ਚੇਤਨਾ ਦੇ ਪੋਟੇ ਕਲਮ ਚੁੱਕ ਲੈਂਦੇ ਸਨ। ਇਕ ਇਹੋ ਜਿਹੇ ਵੇਲੇ ਹੀ ਉਹਦੀ ਇਸ ਨਜ਼ਮ ਨੇ ਜਨਮ ਲਿਆ ਸੀ।

*"ਮੈਂ ਜ਼ਿੰਦਗੀ ਨੂੰ ਮਖ਼ੌਲ ਕੀਤਾ*

*ਮਖ਼ੌਲ !*
*ਜੋ ਕੋਈ ਵੀ ਸੁਣ ਕੇ ਖ਼ੁਸ਼ ਨਹੀਂ*
*ਇਹ ਤਾਂ ਫੇਰ ਵੀ ਜ਼ਿੰਦਗੀ ਸੀ।"*

ਨਜ਼ਮ ਦੀਆਂ ਬੱਸ ਇਹੋ ਚਾਰ ਸਤਰਾਂ ਮੇਰੇ ਕੋਲ ਨੇ। ਬਾਕੀ ਦੀ ਨਜ਼ਮ ਨੂੰ ਵਕਤ ਨੇ ਡੀਕ ਲਿਆ ਹੈ।

ਕਪੂਰਥਲੇ ਰਹਿੰਦਿਆਂ ਹੀ ਸੁਖਬੀਰ ਸੰਧੂ ਦਾ ਪਰਦੇਸ ਜਾਣ ਦਾ ਸਬੱਬ ਬਣਿਆ ਸੀ। ਇੰਗਲੈਂਡ ਵਿੱਚ ਸੁਖਬੀਰ ਸੰਧੂ ਦੀਆਂ ਸਾਹਿਤਿਕ ਅਤੇ ਸਭਿਆਚਾਰਕ ਸਰਗਰਮੀਆ ਬਰਕਰਾਰ ਰਹੀਆਂ, ਪਰ ਨਿੱਤ ਦੀ ਸ਼ਰਾਬ ਉਹਦੀ ਰਚਨਾ ਦੇ ਮਿਆਰ ਉੱਤੇ ਲਗਾਤਾਰ ਸੱਟ ਮਾਰਦੀ ਰਹੀ।

ਵਰ੍ਹਿਆਂ ਪਿੱਛੋਂ ਜਦੋਂ ਉਹ ਵਤਨ ਪਰਤਿਆ ਤਾਂ ਸ਼ਰਾਬ ਉਹਦੀ ਚਾਹਤ ਨਹੀਂ, ਲੋੜ ਹੋ ਗਈ ਸੀ।

ਉਹ ਸਾਹਿਤ ਵਿੱਚ ਕੋਈ ਸ਼ਾਹਕਾਰ ਸਿਰਜਣ ਦਾ ਸੁਪਨਾ ਵੇਖਦਾ ਹੁੰਦਾ ਸੀ, ਪਰ ਉਹ ਸੁਪਨਾ ਹਰ ਰੋਜ਼ ਸ਼ਰਾਬ ਦੇ ਗਲਾਸ ਵਿੱਚ ਡੁੱਬ ਜਾਂਦਾ ਸੀ।

***

ਸੁਖਬੀਰ ਸੰਧੂ ਦਾ ਸ਼ਰਾਬ ਦਾ ਸੇਵਨ ਦਿਨ-ਬ-ਦਿਨ ਵਧ ਰਿਹਾ ਸੀ।

ਇੰਗਲੈਂਡ ਤੋਂ ਆ ਕੇ ਉਹਨੇ ਤਰਨ ਤਾਰਨ ਵਿੱਚ 'ਪਾਇਲ' ਨਾਂ ਦਾ ਰੈਸਟੋਰੈਂਟ ਖੋਲ੍ਹ ਲਿਆ ਸੀ, ਪਰ ਉਹ ਰੈਸਟੋਰੈਂਟ ਨੂੰ ਚਲਾਉਣ ਵਾਲੀ ਹਾਲਤ ਵਿੱਚ ਨਹੀਂ ਸੀ। ਉਸ ਰੇਸਤਰ੍ਹਾਂ ਵਿੱਚ ਗਾਹਕਾਂ ਨਾਲੋਂ ਵੱਧ ਸੁਖਬੀਰ ਕੋਲੋਂ ਮੁਫ਼ਤ ਦੀ ਸ਼ਰਾਬ ਪੀਣ ਵਾਲੇ ਬੈਠੇ ਰਹਿੰਦੇ ਸਨ।

ਉਹਦੀ ਚੇਤਨਾ ਉਸ ਵੇਲੇ ਸ਼ਰਾਬ ਦੇ ਭਰੇ ਹੋਏ ਗਲਾਸ ਵਿੱਚ ਡੁੱਬਦੀ, ਤੈਰਦੀ ਬਰਫ਼ ਵਾਂਗੂੰ ਸੀ। ਕਈ ਉਹਦੇ ਹੋਸ਼ ਗੁੰਮ-ਸੁੰਮ ਜਿਹੇ ਹੁੰਦੇ ਸਨ ਤੇ ਕਦੀ ਉਹ ਪੂਰਾ ਸੁਚੇਤ ਹੁੰਦਾ ਸੀ। ਇਕ ਸਵੇਰ ਉਹ ਘਬਰਾਇਆ ਹੋਇਆ ਉੱਠਿਆ ਸੀ। ਉਸ ਦਿਨ ਉਹ ਸੁਚੇਤ ਸੀ ਪੂਰਾ। ਸ਼ਾਇਦ ਉਹਨੇ ਆਉਣ ਵਾਲੇ ਖ਼ਤਰੇ ਨੂੰ ਭਾਂਪ ਲਿਆ ਸੀ। ਉਹ ਘਬਰਾਇਆ ਹੋਇਆ ਫ਼ਾਈਲਾਂ ਫਰੋਲਣ ਲੱਗ ਪਿਆ ਸੀ।

ਸ਼ਰਾਬ ਦੇ ਨਿੱਕੇ ਨਿੱਕੇ ਘੁੱਟ ਭਰਦਿਆਂ ਉਹਨੇ ਕਿਤਾਬ ਲਈ ਗ਼ਜ਼ਲਾਂ ਦੀ ਚੋਣ ਕੀਤੀ ਸੀ। ਉਹ ਕਿਤਾਬ ਕਿੱਥੋਂ ਛਪਵਾਵੇ। ਪੰਜਾਬੀ ਦੀਆਂ ਕਿਤਾਬਾਂ ਛਾਪਣ ਵਾਲੇ ਬਹੁਤੇ ਪ੍ਰਕਾਸ਼ਕ ਉਦੋਂ ਵੀ ਅੰਮ੍ਰਿਤਸਰ ਵਿੱਚ ਹੀ ਸਨ। ਸੁਖਬੀਰ ਸੰਧੂ ਆਪਣੇ ਕਿਰ ਰਹੇ ਵਜੂਦ ਨਾਲ ਅੰਮ੍ਰਿਤਸਰ ਜਾਣ ਜੋਗਾ ਨਹੀਂ ਸੀ। ਜਿਸਮ

ਰਾਹ ਵਿੱਚ ਕਿਧਰੇ ਵੀ ਕਦੋਂ ਵੀ ਢਹਿ ਢੇਰੀ ਹੋ ਸਕਦਾ ਸੀ।

ਸੁਖਬੀਰ ਸੰਧੂ ਦਾ ਘਰ ਅੰਮ੍ਰਿਤਸਰ ਰੋਡ ਉੱਤੇ ਹੀ ਸੀ। ਉਥੋਂ ਨੇੜੇ ਹੀ ਬਾਜਵਾ ਪ੍ਰਿੰਟਿੰਗ ਪ੍ਰੈੱਸ ਸੀ। ਇਕ ਸਵੇਰ ਚੰਗੇ ਰੌਂਅ ਵਿੱਚ ਉਹਨੇ ਗ਼ਜ਼ਲਾਂ ਵਾਲਾ ਪੁਲੰਦਾ ਚੁੱਕਿਆ ਤੇ ਬਾਜਵੇ ਕੋਲ ਲੈ ਗਿਆ।

ਬਾਜਵਾ ਪ੍ਰਿੰਟਿੰਗ ਪ੍ਰੈੱਸ ਸਿਹਰੇ-ਸਿੱਖਿਆ ਛਾਪਣ ਵਾਲੀ ਪ੍ਰੈੱਸ ਸੀ। ਉਹ ਇਸ਼ਤਿਹਾਰ ਵੀ ਛਾਪਦੇ ਸਨ, ਪਰ ਉਨ੍ਹਾਂ ਨੂੰ ਕਿਤਾਬ ਛਾਪਣੀ ਨਹੀਂ ਸੀ ਆਉਂਦੀ। ਗੁਆਂਢ-ਮੱਥਾ ਹੋਣ ਕਾਰਨ ਬਾਜਵਾ ਕਿਤਾਬ ਛਾਪਣੀ ਮੰਨ ਗਿਆ।

ਸੁਖਬੀਰ ਸੰਧੂ ਦੀਆਂ ਗ਼ਜ਼ਲਾਂ ਲਈ ਸਿੱਕਿਆਂ ਦੇ ਅੱਖਰ ਚਿਣੇ ਜਾਣ ਲੱਗ ਪਏ।

"ਕਿਤਾਬ ਦਾ ਨਾਂ ਕੀ ਹੋਵੇ?" ਸੁਖਬੀਰ ਨੇ ਮੈਨੂੰ ਪੁੱਛਿਆ, "ਤੁਸੀਂ ਕਿਤਾਬ ਦਾ ਕੋਈ ਨਾਂ ਤਾਂ ਸੋਚਿਆ ਹੀ ਹੋਊ?"

ਛਿਣ ਭਰ ਲਈ ਉਹਨੇ ਸੋਚ ਨੂੰ ਹੰਘਾਲਿਆ, ਫਿਰ ਬੋਲਿਆ, "**ਮਿੱਟੀ ਇਸ਼ਕ ਅਖਾੜੇ ਦੀ।** ਇਹ ਨਾਂ ਕਿਹੋ ਜਿਹਾ ਰਹੂ?"

ਮੇਰੇ ਹੁੰਗਾਰੇ ਤੋਂ ਪਹਿਲਾਂ ਹੀ ਸੁਖਬੀਰ ਸੰਧੂ ਹੱਸਣ ਲੱਗ ਪਿਆ, "ਲੱਗਦਾ ਹੈ ਜਿਵੇਂ ਇਹ ਕਿਤਾਬ ਭਲਵਾਨਾਂ ਬਾਰੇ ਹੁੰਦੀ ਹੈ।"

ਉਹ ਉਸ ਵੇਲੇ ਵੀ ਨਸ਼ੇ ਦੇ ਲੋਰ ਵਿੱਚ ਸੀ। ਉਹਦੀ ਮਾਨਸਿਕ ਸਥਿਤੀ ਬਹੁਤਾ ਸੋਚਣ-ਵਿਚਾਰਨ ਵਾਲੀ ਨਹੀਂ ਸੀ, ਬੋਲਿਆ, "ਜਸਬੀਰ! ਆਪਾਂ ਏਦਾਂ ਕਰਦੇ ਆਂ, ਪਾਇਲ ਰੈਸਟੋਰੈਂਟ ਦੇ ਨਾਂ ਉੱਤੇ ਹੀ ਕਿਤਾਬ ਦਾ ਨਾਂ ਰੱਖ ਲੈਂਨੇ ਆਂ।"

ਸੁਖਬੀਰ ਸੰਧੂ ਦਾ ਪਹਿਲਾ ਅਤੇ ਆਖ਼ਰੀ ਗ਼ਜ਼ਲ ਸੰਗ੍ਰਹਿ **'ਪਾਇਲ'** ਹੋ ਗਿਆ।

ਬਾਜਵਾ ਪ੍ਰਿੰਟਿੰਗ ਪ੍ਰੈੱਸ ਵਾਲਿਆਂ ਕੋਲ ਕਿਤਾਬ ਦੀ ਜਿਲਦ ਬੰਨ੍ਹਣ ਦਾ ਕੋਈ ਵੀ ਪ੍ਰਬੰਧ ਨਹੀਂ ਸੀ। ਉਨ੍ਹਾਂ ਆਪਣੇ ਕਿਸੇ ਗਾਹਕ ਲਈ ਵੀ ਕਦੀ ਜਿਲਦ ਬੰਨ੍ਹਣ ਵਾਲਾ ਕੰਮ ਨਹੀਂ ਸੀ ਕੀਤਾ। ਉਹਨਾਂ ਕਿਧਰੋਂ ਪੰਜ-ਸੱਤ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਵਾ ਦਿੱਤੀਆਂ ਤੇ ਫਿਰ ਹੱਥ ਖੜੇ ਕਰ ਦਿੱਤੇ।

ਹੁਣ ਗਿਆਰਾਂ ਸੌ ਕਿਤਾਬਾਂ ਦੇ ਫ਼ਰਮਿਆਂ ਦਾ ਬਾਜਵਾ ਪ੍ਰਿੰਟਿੰਗ ਪ੍ਰੈੱਸ ਵਾਲੇ ਕੀ ਕਰਨ?

ਬਾਜਵੇ ਨੇ ਸਾਰੇ ਕਾਗ਼ਜ਼ ਇੱਕ ਰਿਕਸ਼ੇ ਉੱਤੇ ਲਦਵਾਏ ਤੇ ਸੁਖਬੀਰ ਸੰਧੂ

ਦੇ ਘਰ ਲਿਆ ਸੁੱਟੇ।

ਭੈੜੀ ਤਰ੍ਹਾਂ ਬੰਨ੍ਹੀ ਹੋਈ ਜਿਲਦ ਵਾਲੀਆਂ ਉਹਨਾਂ ਪੰਜ-ਸੱਤ ਕਿਤਾਬਾਂ ਵਿੱਚੋਂ ਇੱਕ ਕਿਤਾਬ ਮੇਰੀ ਹੋ ਗਈ। ਬਾਕੀਆਂ ਨੇ ਵਕਤ ਦੀ ਭੱਠੀ ਵਿੱਚ ਆਪਣੀ ਹੋਂਦ ਗੁਆ ਲਈ। ਕਿਤਾਬ ਦੇ ਛਪੇ ਹੋਏ ਉਹ ਫ਼ਰਮੇ ਕਿਤਾਬ ਨਹੀਂ ਬਣੇ, ਰੱਦੀ ਕਾਗ਼ਜ਼ ਹੋ ਗਏ। ਉਹ ਕਾਗ਼ਜ਼ ਰੱਦੀ ਦੇ ਭਾਅ ਵੀ ਵਿਕ ਸਕੇ ਜਾਂ ਨਹੀਂ, ਮੈਂ ਨਹੀਂ ਜਾਣਦਾ।

***

ਇੱਕ ਦਿਨ ਅਸੀਂ ਦੋਵੇਂ ਜੀਅ ਚਾਹ ਦੇ ਕੱਪ ਉੱਤੇ ਪੁਰਾਣੇ ਚੇਤੇ ਫਰੋਲਣ ਲੱਗ ਪਏ।

ਮੇਰੀ ਬੀਵੀ ਨੇ ਦੱਸਿਆ, "ਜਦੋਂ ਮੇਰੇ ਨਿੱਕੇ ਵੀਰ ਦਾ ਵਿਆਹ ਹੋਇਐ ਉਹ ਨਵੰਬਰ 85 ਦਾ ਹੀ ਕੋਈ ਦਿਨ ਸੀ। ਉਹਦੇ ਸੁਖਬੀਰ ਵੀਰ ਜੀ ਦੇ ਉੱਤੇ ਕੀੜੀਆਂ ਚੜ੍ਹਨ ਲੱਗ ਪਈਆਂ ਸਨ। ਮੇਰਾ ਤ੍ਰੌਂਹ ਨਿਕਲ ਗਿਆ। ਚੇਤਾ ਪੱਛਿਆ ਗਿਆ ਸੀ।

ਉਮਰ ਦੇ ਆਖ਼ਰੀ ਦੋ ਵਰ੍ਹੇ ਤਾਂ ਉਹ ਮੌਤ ਨੂੰ ਹੀ ਜਿਊਂਦਾ ਰਿਹਾ ਸੀ।

ਉਹ ਹਰ ਰੋਜ਼ ਸਵੇਰੇ ਤੜਕਸਾਰ ਉੱਠਦਾ ਸੀ। ਨਹਾ-ਧੋ ਕੇ ਸਾਫ਼ ਸੁਥਰੇ ਕੱਪੜੇ ਪਾਉਂਦਾ ਸੀ, ਟਾਈ ਲਾਉਂਦਾ ਸੀ, ਫਬਾ ਕੇ ਪੱਗ ਬੰਨ੍ਹਦਾ ਸੀ ਤੇ ਫਿਰ ਪਹਿਲਾ ਹਾੜਾ ਹਲਕ 'ਚੋਂ ਹੇਠਾਂ ਉਤਾਰਦਾ ਸੀ।

ਉਸ ਤੋਂ ਪਿੱਛੋਂ ਉਹ ਕਾਗ਼ਜ਼-ਕਲਮ ਲੈ ਕੇ ਲਿਖਣ ਬੈਠ ਜਾਂਦਾ ਸੀ। ਉਹਦਾ ਦਿਲ ਕਰਦਾ ਸੀ ਕਿ ਉਹ ਵੱਡਾ ਸ਼ਾਇਰ ਬਣਨ ਦੇ ਦਾਅਵਿਆਂ ਨੂੰ ਸਾਕਾਰ ਕਰੇ, ਪਰ ਕਲਮ ਉਹਦਾ ਸਾਥ ਨਹੀਂ ਸੀ ਦਿੰਦੀ। ਵਲੂੰਧਰੀਆਂ ਹੋਈਆਂ ਸੋਚਾਂ ਜ਼ਿਹਨ ਦੀਆਂ ਹਨ੍ਹੇਰੀਆਂ ਗਲ਼ੀਆਂ ਵਿੱਚ ਡੱਕੋਡੋਲੇ ਖਾਂਦੀਆਂ ਤੁਰੀਆਂ ਫਿਰਦੀਆਂ ਰਹਿੰਦੀਆਂ ਸਨ।

... ਤੇ ਫਿਰ ਉਹ ਡੱਡੋਲਿੱਕਾ ਹੋਇਆਂ ਸ਼ਰਾਬ ਦਾ ਇਕ ਹੋਰ ਪੈੱਗ ਗਲਾਸ ਵਿੱਚ ਉਂਡੇਲ ਲੈਂਦਾ ਸੀ।

ਪੂਰਾ ਦਿਨ ਸ਼ਰਾਬ ਵਿੱਚ ਡੁੱਬ ਜਾਂਦਾ ਸੀ।

ਜਦੋਂ ਤੱਕ ਉਹਦੇ ਪਰਿਵਾਰ ਦੇ ਬਾਕੀ ਜੀਅ ਜਾਗਦੇ ਸਨ, ਉਹਦੀ ਪੱਗ ਢਹਿ ਚੁਕੀ ਹੁੰਦੀ ਸੀ। ਉਹਦੀ ਟਾਈ ਢਿਲਕ ਗਈ ਹੁੰਦੀ ਸੀ। ਉਹਦੇ ਗਲ਼ ਵਾਲਾ ਕਮੀਜ਼ ਉਹਦੇ ਵਜੂਦ ਵਰਗਾ ਹੋ ਜਾਂਦਾ ਸੀ, ਵੱਟੋ ਵੱਟ ਅਤੇ ਮਧੋਲਿਆ ਹੋਇਆ।

ਉਹ ਦੀ ਸ਼ਰਾਬ ਛੁਡਵਾਉਣ ਲਈ ਪਰਿਵਾਰ ਦੀਆ ਕੀਤੀਆਂ ਹੋਈਆਂ ਕੋਸ਼ਿਸ਼ਾਂ ਸਾਰੀਆਂ ਹੀ ਨਾਕਾਮ ਹੋ ਗਈਆਂ ਸਨ।

ਸ਼ਰਾਬ ਦੀ ਅੱਤ ਕਾਰਨ ਉਹਨੂੰ ਗੈਂਗਰੀਨ ਹੋ ਗਈ ਸੀ। ਉਹਦੀਆਂ ਲੱਤਾਂ ਗਿੱਟਿਆਂ ਤੋਂ ਉਤਾਂਹ ਵੱਲ ਨੂੰ ਮਰਨੀਆਂ ਸ਼ੁਰੂ ਹੋ ਗਈਆਂ ਸਨ। ਮੋਏ ਮਾਸ ਦੀ ਬੂਅ ਕੀੜੀਆਂ ਤੱਕ ਵੀ ਪਹੁੰਚ ਗਈ ਸੀ। ਕੀੜੀਆਂ ਮੰਜੇ ਦੇ ਪਾਵਿਆਂ ਰਾਹ ਉਹਦੀਆਂ ਲੱਤਾਂ ਉੱਤੇ ਚੜ੍ਹ ਜਾਂਦੀਆਂ ਸਨ। ਉਹਨਾਂ ਕੀੜੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਨਹੀਂ, ਲੱਖਾਂ ਵਿੱਚ ਹੀ ਜਾਪਦੀ ਸੀ। ਲੱਗਦਾ ਸੀ ਜਿਵੇਂ ਸੁਖਬੀਰ ਸੰਧੂ ਨੇ ਕਾਲਾ-ਭੂਰਾ ਲਿਬਾਸ ਪਹਿਨ ਲਿਆ ਹੋਵੇ।

ਸ਼ਰਾਬ ਦੇ ਘਾਤਕ ਹੋਣ ਦੀ ਗੱਲ ਉਹਨੇ ਉਦੋਂ ਕਬੂਲ ਕੀਤੀ ਸੀ ਜਦੋਂ ਬਹੁਤ ਦੇਰ ਹੋ ਚੁੱਕੀ ਸੀ। ਉਦੋਂ ਕੋਈ ਵੀ ਉਹਦੇ ਲਈ ਕੁਝ ਨਹੀਂ ਸੀ ਕਰ ਸਕਦਾ।

ਇਕ ਸਵੇਰ ਉਹਦੀ ਹੋਸ਼ਮੰਦੀ ਦੇ ਪਲ ਸਨ। ਉਹਨੇ ਰੋਣਹਾਕੇ ਹੋਏ ਨੇ ਮੈਨੂੰ ਕਿਹਾ, "ਜਸਬੀਰ ! ਮੈਂ ਕੀ ਕਰਾਂ। ਮੈਂ ਜਿਉਣਾ ਚਾਹੁੰਦਾ ਹਾਂ, ਪਰ ਜੇ ਸ਼ਰਾਬ ਨਾ ਪੀਵਾਂ ਤਾਂ ਮੈਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ। ਜੇ ਮੈਂ ਪੀਵਾਂ ਤਾਂ ਵੀ ਮਰਦਾ ਹਾਂ। ਜੇ ਨਾ ਪੀਵਾਂ ਤਾਂ ਵੀ ਮਰਦਾ ਹਾਂ। ਮੇਰੀ ਤਾਂ ਦੋਵੇਂ ਤਰ੍ਹਾਂ ਹੀ ਮੌਤ ਹੈ।"

ਉਹਦੀ ਨਜ਼ਮ ਨੇ ਮੈਨੂੰ ਉਦੋਂ ਵੀ ਹਲੂਣਿਆ ਸੀ, ਵਾਰ ਵਾਰ ਹਲੂਣਿਆ ਹੈ:

*"ਮੈਂ ਜ਼ਿੰਦਗੀ ਨੂੰ ਮਖ਼ੌਲ ਕੀਤਾ*
*ਮਖ਼ੌਲ !*
*ਜੋ ਕੋਈ ਵੀ ਸੁਣ ਕੇ ਖ਼ੁਸ਼ ਨਹੀਂ,*
*ਇਹ ਤਾਂ ਫੇਰ ਵੀ ਜ਼ਿੰਦਗੀ ਸੀ।"*

ਘਰ ਦੇ ਜੀਆਂ ਲਈ ਚੌਵੀ ਘੰਟੇ ਉਹਦੇ ਕੋਲ ਬੈਠੇ ਰਹਿ ਸਕਣਾ ਸੰਭਵ ਨਹੀਂ ਸੀ। ਕੀੜੀਆਂ ਤੋਂ ਨਿਜ਼ਾਤ ਲਈ ਘਰਦਿਆਂ ਨੇ ਇੱਕ ਤਰੀਕਾ ਲੱਭਿਆ ਸੀ। ਉਹ ਪਾਣੀ ਦੇ ਭਰੇ ਹੋਏ ਛੰਨੇ ਮੰਜੇ ਦੇ ਪਾਵਿਆਂ ਹੇਠ ਰੱਖ ਦਿੰਦੇ ਸਨ। ਪਾਣੀ ਟੱਪ ਕੇ ਕੀੜੀਆਂ ਸੁਖਬੀਰ ਸੰਧੂ ਤੱਕ ਨਹੀਂ ਸਨ ਪਹੁੰਚ ਸਕਦੀਆਂ, ਪਰ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਸੀ ਕਿ ਸ਼ਰਾਬ ਦੀ ਬੇਹੋਸ਼ੀ ਵਿੱਚ ਉਹਦੀ ਬਾਂਹ ਕੰਧ ਨਾਲ ਲੱਗ ਜਾਂਦੀ ਸੀ ਤੇ ਕੰਧ ਰਾਹੀਂ ਕੀੜੀਆਂ ਉਹਦੇ ਉੱਤੇ ਚੜ੍ਹਨੀਆਂ ਸ਼ੁਰੂ ਹੋ ਜਾਂਦੀਆਂ ਸਨ।

ਆਪਣੀ ਉਮਰ ਦੇ ਆਖ਼ਰੀ ਦਿਨ ਵੀ ਸੁਖਬੀਰ ਸੰਧੂ ਨੇ ਪੌਣੀ ਬੋਤਲ ਸ਼ਰਾਬ ਪੀ ਲਈ ਸੀ। ਜ਼ਿੰਦਗੀ ਦੇ ਆਖ਼ਰੀ ਘੁੱਟ ਭਰਨ ਤੋਂ ਪਿੱਛੋਂ, ਸ਼ਰਾਬ ਦਾ

ਖ਼ਾਲੀ ਹੋਇਆ ਗਲਾਸ ਉਹਦੇ ਹੱਥੋਂ ਡਿੱਗ ਕੇ ਟੁੱਟ ਗਿਆ ਸੀ।

... ਤੇ ਫਿਰ ਸਾਹ ਮੁੱਕ ਗਏ ਸਨ।

ਉਹ ਕਈਆਂ ਨੂੰ ਜਿਊਂਦੇ ਜੀਅ ਮਾਰ ਗਿਆ ਸੀ।

ਉਹ ਦਿਨ 5 ਜੂਨ 1986 ਦਾ ਸੀ।

ਸ਼ਮਸ਼ਾਨ ਦੇ ਸਫ਼ਰ ਵੇਲੇ ਉਹ ਬੜਾ ਇਕੱਲਾ ਸੀ। ਉਹਦੀਆਂ ਮਹਿਫ਼ਲਾਂ ਦੇ ਯਾਰ ਕੁਝ ਤਾਂ ਉਹਦੇ ਵਾਲੇ ਰਾਹ ਤੁਰ ਗਏ ਸਨ ਤੇ ਕੁਝ ਪਿੱਛਲ-ਪੈਰੀਂ ਤੁਰ ਕੇ ਪਰ੍ਹਾਂ ਹੋ ਗਏ ਸਨ।

ਸੁੰਞੇਂ ਸੱਥਰ ਉੱਤੇ ਬੈਠਾ ਮੈਂ ਉਹਦੇ ਯਾਰਾਂ ਨੂੰ ਉਡੀਕਦਾ ਰਿਹਾ ਸਾਂ, ਪਰ ਉਹ ਨਹੀਂ ਸਨ ਆਏ।

●

ਤਰਨ ਤਾਰਨ ਦੀ ਬਹੁਤ ਮਹੱਤਵਪੂਰਨ ਸਾਹਿੱਤਕ ਵਿਰਾਸਤ ਹੈ। ਸ੍ਰੀ 'ਗੁਰੂ ਗ੍ਰੰਥ ਸਾਹਿਬ' ਦਾ ਸੰਪਾਦਨ ਕਰਨ ਵਾਲੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਵਸਾਈ ਨਗਰੀ ਤਰਨਤਾਰਨ ਵਿੱਚ ਸ੍. ਮੋਹਨ ਸਿੰਘ ਵੈਦ, ਹੈੱਡਮਾਸਟਰ ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਪੁੱਤਰ ਜਗਜੀਤ ਸਿੰਘ ਆਨੰਦ ਅਤੇ ਜਸਟਿਸ ਪ੍ਰੀਤਮ ਸਿੰਘ ਸਫ਼ੀਰ ਦੀ ਵੀ ਇਹੀ ਪਲਣ-ਭੂਮੀ ਹੈ।

ਤਰਨਤਾਰਨ ਜ਼ਿਲ੍ਹੇ ਦੇ ਮੁੱਖ ਲੇਖਕਾਂ ਡਾ. ਵਰਿਆਮ ਸਿੰਘ ਸੰਧੂ, ਨਿਰਮਲ ਅਰਪਨ, ਕਰਨਲ ਜਸਬੀਰ ਭੁੱਲਰ, ਕਹਾਣੀਕਾਰ ਪ੍ਰੀਤਮ, ਕੁਲਦੀਪ ਜੋਸ਼ੀ, ਕਵੀ ਕ੍ਰਿਸ਼ਨ ਸੋਜ਼ ਦੇ ਨਾਲ ਹੁਣ ਸੁਖਬੀਰ ਸਿੰਘ ਸੰਧੂ ਵੀ ਆ ਰਲਿਆ ਹੈ।

ਸੁਖਬੀਰ ਸਿੰਘ ਸੰਧੂ ਪੰਜਾਬੀ ਗ਼ਜ਼ਲ ਦੇ ਨਕਸ਼ ਸੰਵਾਰਨ ਵਾਲਾ ਉਹ ਸ਼ਾਇਰ ਹੈ ਜਿਸ ਦੀ ਰਚਨਾ 'ਪਾਇਲ' ਨੂੰ 53 ਸਾਲ ਪਹਿਲਾਂ ਛਪਣ ਦੇ ਬਾਵਜੂਦ ਅਸੀਂ ਬੁਰੀ ਤਰ੍ਹਾਂ ਅਣਗੌਲ਼ਿਆ ਕੀਤਾ ਹੈ। ਸ਼ੁਕਰ ਹੈ ਕਿ ਪੰਜਾਬੀ ਲੋਕ-ਵਿਰਾਸਤ ਅਕਾਡਮੀ ਲੁਧਿਆਣਾ ਨੇ ਮੁੜ ਪ੍ਰਕਾਸ਼ਤ ਕਰਕੇ ਸੇਵਾ ਦਾ
ਲੋਕ-ਵਿਰਾਸਤ ਅਕਾਡਮੀ ਲੁਧਿਆਣਾ ਨੇ ਮੁੜ ਪ੍ਰਕਾਸ਼ਤ ਕਰਕੇ ਸੇਵਾ ਦਾ
ਮਹਾਨ ਕਾਰਜ ਕੀਤਾ ਹੈ।

***ਗਗਨਦੀਪ ਸਿੰਘ ਵਿਰਕ***
*ਬਾਬਾ ਆਇਆ ਸਿੰਘ*
*ਰਿਆੜਕੀ, ਕਾਲਜ ਤੁਗਲਵਾਲਾ*
*ਗੁਰਦਾਸਪੁਰ*

# "ਪਾਇਲ" ਸ਼ਾਇਰੀ ਦੀ ਛਮ ਛਮ

*ਹਰਜਿੰਦਰ ਕੰਗ**

ਤਰਵੰਜਾ ਸਾਲ ਪਹਿਲਾਂ 1973 ਵਿੱਚ ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਦੀ "ਪਾਇਲ" ਛਣਕੀ ਸੀ। ਇਸ ਪਾਇਲ ਦਾ ਇੱਕ ਬੋਰ

*ਉਸ ਬੇਵਫ਼ਾ ਦੀ ਯਾਦ ਵਿੱਚ ਰੋਇਆ ਕਰਾਂ ਕਿ ਨਾ।*

ਜਨਾਬ ਨੁਸਰਤ ਫ਼ਤਿਹ ਅਲੀ ਖ਼ਾਂ ਦੀ ਆਵਾਜ਼ 'ਚ ਦਿਲਾਂ ਦੇ ਵਿਹੜਿਆਂ 'ਚ ਖ਼ੂਬ ਛਣਕਿਆ। ਗ਼ਜ਼ਲ ਦੀ ਧੁੰਮ ਪਰ ਸ਼ਾਇਰ ਗੁੰਮ।

ਐਸਾ ਗੁੰਮ ਕਿ ਕਿਤਾਬ ਵੀ ਦੁਬਾਰਾ ਨਾ ਛਪੀ। ਭਾ ਜੀ ਗੁਰਭਜਨ ਗਿੱਲ ਨੇ ਇੱਕ ਜ਼ਿੰਮੇਵਾਰ ਲੇਖਕ ਦੀ ਭੂਮਿਕਾ ਨਿਭਾਉਂਦਿਆਂ ਇਸ ਕਿਤਾਬ ਨੂੰ ਮੁੜ ਛਾਪਣ ਦਾ ਸ਼ੁਭ ਕਾਰਜ ਕੀਤਾ ਹੈ।

ਸੁਖਬੀਰ ਸਿੰਘ ਸੰਧੂ ਇੰਗਲੈਂਡ ਵੀ ਰਹੇ। ਇੰਗਲੈਂਡ ਰਹਿੰਦਿਆਂ ਪੰਜਾਬ ਨੂੰ ਵੀ ਨਾਲ ਨਾਲ ਰੱਖਿਆ। ਗ਼ਜ਼ਲ ਨਾਲ ਦਿਲ ਦੀ ਗੱਲ ਕੀਤੀ, ਦਿਲ ਦੇ ਦੁੱਖ ਰੋਏ, ਸ਼ਿਅਰਾਂ 'ਚ ਜਜ਼ਬਾਤ ਪਰੋਏ। ਆਸ਼ਿਕਾਨਾ, ਰਿੰਦਾਨਾ ਤੇ ਸੂਫ਼ੀਆਨਾ ਰੰਗ 'ਚ ਦਿਲ ਟੁੰਬਵੀਆਂ ਗ਼ਜ਼ਲਾਂ ਕਹੀਆਂ।

*ਅਜੇ ਦੁੱਖ ਸੁਖ ਦੀ ਸਾਰ ਹੈ ਇਸਨੂੰ,*
*ਅਜੇ ਪੂਰਾ ਨਾ ਦਿਲ ਦੀਵਾਨਾ ਹੈ।*

ਇਹ ਤੜਪ ਹੀ ਗ਼ਜ਼ਲ ਲਿਖਵਾਉਂਦੀ ਹੈ, ਰਾਹੇ ਪਾਉਂਦੀ ਹੈ। ਸੁਖਬੀਰ ਸਿੰਘ ਸੰਧੂ ਰਾਹੇ ਪਿਆ ਰਿਹਾ।

*ਇੱਕ ਦਿਨ ਟਿਕਾਣੇ ਪਹੁੰਚ ਗਏ ਜਿਹੜੇ ਤੁਰੇ ਰਹੇ।*
*ਉਹ ਵੇਖਦੇ ਹੀ ਰਹਿ ਗਏ ਜੋ ਵੇਖਦੇ ਰਹੇ।*

ਗ਼ਜ਼ਲ ਦੇ ਰਾਹ ਤੁਰਦਿਆਂ ਸ਼ਿਅਰਾਂ ਦੇ ਬੋਰਾਂ 'ਚ ਆਪਣੇ ਜਜ਼ਬਾਤ ਧਰ ਦਿੱਤੇ। ਜ਼ਿੰਦਗੀ ਦੇ ਰੰਗ ਭਰ ਦਿੱਤੇ। ਸੁਖਬੀਰ ਸਿੰਘ ਸੰਧੂ ਦੇ ਸ਼ਿਅਰਾਂ 'ਚ ਉਰਦੂ ਦੇ ਸ਼ਿਅਰਾਂ ਵਰਗੀ ਰਵਾਨੀ ਤੇ ਰਮਜ਼ ਹੈ।

---

**ਫਰਿਜ਼ਨੋ (ਕੈਲੇਫੋਰਨੀਆ) ਅਮਰੀਕਾ*

*ਗੱਲ ਇਤਫ਼ਾਕ ਦੀ ਹੈ ਦੋਸ਼ ਨ ਉਸਦਾ ਨ ਮੇਰਾ ਹੈ,*
*ਨ ਝਾਂਜਰ ਛਣਕਦੀ ਉਸਦੀ ਨ ਨੀਯਤ ਬਦਲਦੀ ਮੇਰੀ।*

●

*ਜੇ ਪੱਥਰ ਤੋੜੀਏ ਤਾਂ ਵੀ ਨਿਕਲ ਆਉਂਦੇ ਨੇ ਚੰਗਿਆੜੇ,*
*ਰਤਾ ਕੁਝ ਸੋਚ ਕੇ ਤੋੜੀਂ ਕਿ ਇਹ ਤਾਂ ਫੇਰ ਵੀ ਦਿਲ ਹੈ।*

●

*ਸੁਰਾਹੀ ਧੌਣ, ਮੈਅ ਜੋਬਨ ਤੇ ਇਕ ਇਕ ਨੈਣ ਪੈਮਾਨਾ।*
*ਉਹ ਪੀਣੋਂ ਵਰਜਦੇ ਨੇ ਕਿਉਂ ਬਣਾ ਕੇ ਆਪ ਮੈਖ਼ਾਨਾ।*

ਅਜੇਹੇ ਅਨੇਕਾਂ ਸ਼ਿਅਰ ਨੇ ਜਿੰਨ੍ਹਾਂ 'ਚ ਗ਼ਜ਼ਲਪਨ ਬਹੁਤ ਹੈ। ਇਕ ਸ਼ੋਖ਼ੀ, ਤਨਜ਼, ਤੇਵਰ, ਪੁਖ਼ਤਗੀ ਤੇ ਪਾਕੀਜ਼ਗੀ ਵੀ ਹੈ।

*ਦੱਸਦਾ ਹੈ ਹਰ ਨਜ਼ਾਰਾ ਕਰਵਟ ਬਦਲ ਬਦਲ ਕੇ।*
*ਕੋਈ ਇਨਕਲਾਬ ਆਉਣਾ ਹੈ ਅੱਜ ਨਹੀਂ ਤਾਂ ਭਲ਼ਕੇ।*

●

*ਕਿਸ਼ਤੀ ਵੀ ਹੁਣ ਤਾਂ ਜਾਪੇ ਡੋਬਣ ਲਈ ਬਣੀ ਹੈ,*
*ਲਾਉਂਦਾ ਸੀ ਪਾਰ ਇਕ ਦਿਨ ਸਾਨੂੰ ਭੰਵਰ ਵੀ ਦੇਖੋ।*

●

*ਬਦਲਣਗੇ ਰੁਖ਼ ਤੂਫ਼ਾਨ ਦਾ ਇਕ ਦਿਨ ਤਾਂ ਉਹ ਕਦੀ,*
*ਕੀਤਾ ਜਿਨ੍ਹਾਂ ਨੂੰ ਏਸ ਨੇ ਤਬਾਹ ਬਾਰ ਬਾਰ।*

ਸੁਖਬੀਰ ਸੰਧੂ ਦੀਆਂ ਕੁਝ ਹੋਰ ਗ਼ਜ਼ਲਾਂ ਵੀ ਨੇ ਜੋ ਜੇਕਰ ਗਾਈਆਂ ਜਾਣ ਤਾਂ ਨੁਸਰਤ ਫ਼ਤਿਹ ਅਲੀ ਖਾਂ ਸਾਹਿਬ ਵੱਲੋਂ ਗਾਈ ਗ਼ਜ਼ਲ ਵਾਂਗ ਹੀ ਪ੍ਰਵਾਨ ਹੋ ਸਕਦੀਆਂ ਨੇ। ਜਿਵੇਂ-

*ਰਾਤਾਂ ਨੂੰ ਦਿਨ ਬਣਾਉਂਦੀਆਂ ਯਾਦਾਂ ਕਿਸੇ ਦੀਆਂ।*
*ਸੂਰਜ ਨਵੇਂ ਚੜ੍ਹਾਉਂਦੀਆਂ ਯਾਦਾਂ ਕਿਸੇ ਦੀਆਂ।*

●

*ਨੈਣ ਅਸਾਡੇ ਰਿਮ ਝਿਮ ਰਿਮ ਝਿਮ।*
*ਮੂੰਹੋਂ ਨਿਕਲੇ ਮਹਿਰਮ ਮਹਿਰਮ।*

●

*ਸਾਡੇ ਲਈ ਤਾਂ ਸਭ ਕੁਝ ਉਹ ਨੇ,*
*ਪਰ ਉਹ ਆਖਣ 'ਯਿਹ ਹਮ ਵੁਹ ਹਮ।'*

ਸ਼ਿਅਰਾਂ ਦੀ ਇਕ ਖ਼ੂਬੀ ਇਹ ਵੀ ਮੰਨੀ ਜਾਂਦੀ ਹੈ ਕਿ ਝਟਪਟ ਜ਼ੁਬਾਨ ਤੇ ਚੜ੍ਹ ਜਾਣ। ਸੁਖਬੀਰ ਸਿੰਘ ਸੰਧੂ ਦੇ ਕਈ ਸ਼ਿਅਰਾਂ 'ਚ ਇਹ ਖ਼ੂਬੀ ਹੈ।

*ਦੇਂਦੀ ਹੈ ਦੁਨੀਆ ਹੌਸਲਾ ਦਿਲ ਦੇ ਬੀਮਾਰ ਨੂੰ,*
*ਉਸਦੇ ਬਗੈਰ ਦਿਲ ਭਲਾ ਕਿਸ ਹੌਸਲੇ ਰਹੇ।*

●

*ਓਸੇ ਸਮੇਂ ਹੀ ਆਣ ਕੇ ਤੂਫ਼ਾਨ ਜਾਗ ਪਏ,*
*ਚਾਹਿਆ ਜਦੋਂ ਵੀ ਹੈ ਅਸਾਂ ਕੋਈ ਦੀਪ ਬਾਲਣਾ।*

●

*ਮਿਲੇ ਨਾ ਮਿਲੇ ਹੁਣ ਮੁਹੱਬਤ ਦੀ ਮਰਜ਼ੀ,*
*ਅਸਾਂ ਕੀਮਤਾਂ ਪੂਰੀਆਂ ਤਾਰੀਆਂ ਨੇ।*

●

*ਤੇਰੀ ਯਾਦ ਆਈ ਤੇ ਗੁੱਸੇ 'ਚ ਬੋਲੀ,*
*"ਤੂੰ ਸਾਨੂੰ ਆਵਾਜ਼ਾਂ ਕਿਉਂ ਮਾਰੀਆਂ ਨੇ?*

ਸ਼ਾਇਰ ਨੇ ਗ਼ਜ਼ਲਾਂ ਦੀ ਪਾਇਲ 'ਚ ਧੜਕਣਾਂ ਦੇ ਬੋਰ ਪਰੋਣ ਦਾ ਯਤਨ ਕੀਤਾ ਹੈ, ਗ਼ਜ਼ਲ ਵਰਗਾ ਹੋਣ ਦਾ ਯਤਨ ਕੀਤਾ ਹੈ। ਇਸੇ ਲਈ ਉਹ ਲਿਖਦਾ ਹੈ।

*ਇੰਝ ਲਗਦੈ ਕਿ ਸਿਮਟ ਕੇ ਦੁਨੀਆਂ,*
*ਉਸਦਾ ਖ਼ਿਆਲ ਹੋ ਗਈ।*

ਉਸਦਾ ਖ਼ਿਆਲ ਹੀ ਸਭ ਕੁਝ ਮਿਲਾਉਂਦਾ ਹੈ। ਰੋਮ ਰੋਮ 'ਚੋਂ ਨਜ਼ਾਰਾ ਨਜ਼ਰ ਆਉਂਦਾ ਹੈ।

*ਮੇਰੇ ਸੀਨੇ ਹਜ਼ਾਰ ਦਿਲ ਧੜਕੇ,*
*ਨਜ਼ਰ ਉਸਨੇ ਕਦੇ ਮਿਲਾਈ ਜਦ।*

ਮੈਨੂੰ ਪੂਰਨ ਆਸ ਹੈ ਕਿ "**ਪਾਇਲ**" ਦੀਆਂ ਗ਼ਜ਼ਲਾਂ ਪੜ੍ਹ ਕੇ ਵੀ ਪਾਠਕਾਂ ਦੇ ਸੀਨਿਆਂ 'ਚ ਹਜ਼ਾਰਾਂ ਦਿਲ ਧੜਕਣਗੇ।

●

## ਸੁਖਬੀਰ ਸਿੰਘ ਸੰਧੂ ਗ਼ਜ਼ਲ ਲਿਖਦਾ ਨਹੀਂ ਜਿਊਂਦਾ ਹੈ।*

*ਬਿਸ਼ੰਭਰ ਸਿੰਘ ਸਾਕੀ***

ਹੋਰ ਸ਼ਾਇਰ ਤਾਂ ਸ਼ਾਇਦ ਗ਼ਜ਼ਲ ਲਿਖਦੇ ਹੀ ਹੋਣਗੇ ਪਰ ਸੁਖਬੀਰ ਸਿੰਘ ਸੰਧੂ ਗ਼ਜ਼ਲ ਜੀਉਂਦਾ ਹੈ। ਇਸ ਨੇ ਕੋਈ ਵੀ ਗੱਲ ਭਾਵੇਂ ਕਿਸੇ ਵਿਸ਼ੇ ਤੇ ਵੀ ਕਹਿਣੀ ਹੋਵੇ, ਉਹ ਕਿਸੇ ਨਾ ਕਿਸੇ ਗ਼ਜ਼ਲ ਦੇ ਬਹਿਰ ਵਿਚ ਹੋਵੇਗੀ। ਸੰਧੂ ਨੇ ਇਸ ਖ਼ਿਆਲ ਨੂੰ ਝੁਠਲਾ ਦਿੱਤਾ ਹੈ ਕਿ 'ਗ਼ਜ਼ਲ' ਕੇਵਲ ਇਸ਼ਕ-ਮੁਹੱਬਤ ਵਰਨਣ ਕਰਨ ਦਾ ਹੀ ਇਕ ਬਹਿਰ ਹੈ ਸਗੋਂ ਇਸ ਬਹਿਰ ਵਿਚ ਇਸ਼ਕ-ਮੁਹੱਬਤ ਨੂੰ ਛੱਡ ਕੇ ਰਾਜਸੀ ਮਸਲੇ ਤੇ ਅਗਾਂਹ ਵਧੂ ਖ਼ਿਆਲ ਵੀ ਬਿਆਨੇ ਜਾ ਸਕਦੇ ਹਨ।

ਇਥੋਂ ਤਕ ਕਿ ਧਾਰਮਿਕ ਮੌਕਿਆਂ ਤੇ ਵੀ ਜੇ ਕਿਤੇ ਲੋੜ ਪਵੇ ਤਾਂ ਸੁਖਬੀਰ ਸਿੰਘ ਸੰਧੂ ਨੇ ਗ਼ਜ਼ਲ ਵਿਚ ਹੀ ਖ਼ਿਆਲ ਪੇਸ਼ ਕੀਤੇ। ਇਕ ਵੇਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਸਾਨੂੰ ਕੁਝ ਕਵੀਆਂ ਨੂੰ ਸੱਦਿਆ ਗਿਆ। ਅਸੀਂ ਸੋਚਦੇ ਸ਼ਾਂ ਕਿ ਵੇਖੀਏ, ਸੁਖਬੀਰ ਸਿੰਘ ਸੰਧੂ ਅੱਜ ਕੀ ਪੇਸ਼ ਕਰਦਾ ਹੈ।

ਸੰਧੂ ਦੀ ਗ਼ਜ਼ਲ ਸੀ।

*ਕੋਈ ਇਹ ਕਰਾਮਾਤ ਕਰਕੇ ਵਿਖਾਲੇ।*
*ਦਿਲ ਹੈ ਸਲਾਮਤ ਬਦਨ ਛਾਲੇ ਛਾਲੇ।*

ਗ਼ਜ਼ਲਾਂ ਨੂੰ ਗਾ ਕੇ ਪੇਸ਼ ਕਰਨਾ ਇਕ ਹੋਰ ਉਚੇਰਾ ਗੁਣ ਹੈ ਅਤੇ ਇਹ ਗੁਣ ਸੁਖਬੀਰ ਸਿੰਘ ਸੰਧੂ ਨੂੰ ਖਾਸ ਕਰਕੇ ਹੀ ਕੁਦਰਤ ਵੱਲੋਂ ਮਿਲਿਆ ਹੈ।

ਸੰਧੂ ਆਪਣੀ ਮਧੁਰ ਤੇ ਲੈਅ - ਮਈ ਆਵਾਜ਼ ਨਾਲ ਸਰੋਤਿਆਂ ਨੂੰ ਕੀਲ ਲੈਂਦਾ ਹੈ ਤੇ ਕਈ ਵੇਰ ਆਪਣੀ ਗ਼ਜ਼ਲ ਵਿਚ ਮਾਤਰਾਂ ਦੀ ਵਾਧ ਘਾਟ ਨੂੰ, ਆਪਣੀ ਸੁਰੀਲੀ ਆਵਾਜ਼ ਦੇ ਸਦਕੇ, ਕਿਤੇ ਰੜਕਣ ਨਹੀਂ ਦੇਂਦਾ। ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਸੰਧੂ ਦੀਆਂ ਗ਼ਜ਼ਲਾਂ ਵਿੱਚ ਮਾਤਰਾ ਦੀ ਵਾਧ ਘਾਟ ਹੁੰਦੀ ਹੈ ਸਗੋਂ ਮੇਰਾ ਇਹ ਵਿਸ਼ਵਾਸ਼ ਹੈ ਕਿ ਜਿਸ ਸ਼ਾਇਰ ਨੂੰ ਸੁਰ-ਤਾਲ ਦਾ ਪਤਾ ਹੈ ਉਹ ਹਰ ਸ਼ਿਅਰ ਵਿਚ ਵਜ਼ਨ ਬਰਾਬਰ ਰੱਖਣ ਦੀ ਵਧੇਰੇ ਯੋਗਤਾ

*'ਪਾਇਲ ਦੇ 1973 ਵਿਚ ਛੱਪੇ' ਪਹਿਲੇ ਸੰਸਕਰਨ ਦੀ ਭੂਮਿਕਾ ਸੀ ਇਹ ਲਿਖਤ

**ਪ੍ਰਧਾਨ, ਪੰਜਾਬੀ ਲਿਖਾਰੀ ਸਭਾ, ਲੰਡਨ (ਯੂ.ਕੇ.)

ਰੱਖਦਾ ਹੈ ਭਾਵੇਂ ਉਹ ਇਸ ਦੇ ਪਿੰਗਲ ਜਾਂ ਅਰੂਜ਼ ਤੋਂ ਕੁਝ ਘੱਟ ਹੀ ਵਾਕਫ਼ੀ ਰੱਖਦਾ ਹੋਵੇ।

ਮੈਨੂੰ ਨਿਸ਼ਚਿਤ ਤੌਰ ਤੇ ਨਹੀਂ ਪਤਾ ਕਿ ਸੁਖਬੀਰ ਸਿੰਘ ਸੰਧੂ ਗਜ਼ਲ ਬਾਰੇ ਪਿੰਗਲ ਜਾਂ ਅਰੂਜ਼ ਤੋਂ ਕਿਨਾ ਕੁ ਜਾਣੂੰ ਹੈ ਪਰ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਉਹ ਆਪਣੀ ਸੁਰ-ਤਾਲ ਦੀ ਯੋਗਤਾ ਦੇ ਕਾਰਨ ਗ਼ਜ਼ਲ ਦੇ ਹਰ ਸ਼ਿਅਰ ਵਿਚ ਇਕਸਾਰਤਾ ਭਲੀ-ਭਾਂਤ ਲਿਆ ਸਕਦਾ ਹੈ। ਮੇਰੇ ਖ਼ਿਆਲ ਵਿਚ ਨਿਗੇ "ਫਾਇਲਾਤੁਨ, ਫਾਇਲਾਤੁਨ, ਫਾਇਲਾਤੁਨ ਫਾਇਲੁਨ" ਗ਼ਜ਼ਲ ਨਹੀਂ। ਇਸ ਚੌਖਟੇ ਵਿਚ ਹਜ਼ਾਰਾਂ ਹੀ ਇਸ ਵਜ਼ਨ ਦੇ ਸ਼ਬਦ ਜੜੇ ਜਾ ਸਕਦੇ ਹਨ ਭਾਵੇਂ ਉਨ੍ਹਾਂ ਦਾ ਕੋਈ ਅਰਥ-ਭਾਵ ਹੋਵੇ ਜਾਂ ਨਾ ਪਰ ਇਹ ਗ਼ਜ਼ਲ ਤਾਂ ਹੀ ਬਣੇਗੀ ਜੇ ਇਸ ਚੌਖਟੇ ਵਿਚ ਨਿੱਗਰ ਤੇ ਨਰੋਆ ਖ਼ਿਆਲ ਸੁਚੱਜੇ ਸ਼ਬਦਾਂ ਵਿਚ ਦਿਤਾ ਜਾ ਸਕੇ। ਗ਼ਜ਼ਲ ਲਈ, ਸੋਹਣੇ ਚੌਖਟੇ ਵਿਚ ਇਕ ਸੁਚੱਜੀ ਤਸਵੀਰ ਦਾ ਹੋਣਾ ਲਾਜ਼ਮੀ ਹੈ। ਜੇ ਸੋਹਣੇ ਚੌਖਟੇ ਵਿਚ ਕੋਝੀ ਤਸਵੀਰ ਜੜ ਦਈਏ ਤਾਂ ਵੀ ਗੱਲ ਨਹੀਂ ਬਣਦੀ ਤੇ ਇਸ ਦੇ ਉਲਟ ਜੇ ਤਸਵੀਰ ਬਹੁਤ ਸੋਹਣੀ ਹੋਵੇ ਤੇ ਚੌਖਟਾ ਬੇ-ਢੱਬਾ ਜਾਂ ਕੋਝਾ ਹੈ ਤਾਂ ਗੱਲ ਫੇਰ ਵੀ ਨਹੀਂ ਬਣਦੀ।

*ਗਜ਼ਲ ਦੀ ਜੇ ਜਿੰਦ-ਜਾਨ ਹੈ ਬਸ ਤਖਈਅਲ,*
*ਤਾਂ ਜੁੱਸਾ ਗਜ਼ਲ ਦਾ ਰਵਾਨੀ ਦੀ ਗੱਲ ਹੈ।"*

*"ਸਾਕੀ"*

ਸੁਖਬੀਰ ਸਿੰਘ ਸੰਧੂ ਦੇ ਇਸ ਸੰਗ੍ਰਹਿ ਵਿਚ ਆਈਆਂ ਗ਼ਜ਼ਲਾਂ ਰੂਪਕ ਤੇ ਵਿਸ਼ੇ ਵਸਤੂ ਦੇ ਪੱਖੋਂ ਲਗ-ਪਗ ਸਾਰੀਆਂ ਹੀ ਚੰਗੀਆਂ ਆਖੀਆਂ ਜਾ ਸਕਦੀਆਂ ਹਨ। ਪਿਆਰ-ਪਿਆਰ, ਰਾਜਸੀ ਮਸਲੇ, ਅਗਾਂਹ ਵਧੂ ਖ਼ਿਆਲ ਤੇ ਲੋਕਤਾ ਲਈ ਦਰਦ ਪੇਸ਼ ਕਰਨ ਵਿਚ ਸੁਖਬੀਰ ਸੰਧੂ ਪੂਰਨ ਸ਼ਲਾਘਾ ਦਾ ਹੱਕਦਾਰ ਹੈ। ਉੱਨਤੀ ਵਾਸਤੇ ਸੰਗ੍ਰਾਮ ਕਰਨ ਲਈ ਉਹ ਨੌਜੁਆਨਾਂ ਨੂੰ ਵੰਗਾਰਦਾ ਹੈ:-

*ਜਾਗੋ ਕਿ ਸਮਾਂ, ਉਜਲੇ ਸੰਗ੍ਰਾਮ ਦਾ ਆਇਆ ਹੈ।*
*ਰਾਹਾਂ ਨੂੰ ਲਿਤਾੜੋ ਕਿ ਮੰਜ਼ਿਲ ਨੇ ਬੁਲਾਇਆ ਹੈ।*

●

*ਧਰਤੀ ਦਿਆਂ ਜਾਇਆਂ ਲਈ, ਮੁਸ਼ਕਿਲ ਵੀ ਭਲਾ ਕੀ ਏ,*
*ਬਲਵਾਨ ਦਿਲਾਂ ਨੇ ਤਾਂ, ਅਸਮਾਨ ਝੁਕਾਇਆ ਹੈ।*

ਜੇ ਕਿਧਰੇ ਕੋਈ ਜਾਬਰ ਲੋਕ-ਆਵਾਜ਼ ਨੂੰ ਕੁਚਲਣਾ ਚਾਹੁੰਦਾ ਹੈ ਤਾਂ ਸੰਧੂ ਕਹਿੰਦਾ ਹੈ

*ਹੁਣ ਦਬ ਕੇ ਨਹੀਂ ਰਹਿਣੇ, ਬੋਲ ਜ਼ਮੀਰਾਂ ਦੇ।*
*ਲਾਹ ਸੁੱਟੇ ਕੋਈ ਭਾਵ ਪੋਸ਼ ਸਹੀਰਾਂ ਦੇ।*

●

*ਅੱਜ ਦਿਲ, ਆਖੇ "ਛੱਡ, ਚੰਦਨ ਦੀ ਗੇਲੀ ਨੂੰ,*
*ਭਰ ਲੈ ਵਿਚ ਕਲਾਵੇ, ਖੁੰਘ ਕਰੀਰਾਂ ਦੇ।"*

ਜ਼ਿੰਦਗੀ ਬਾਰੇ ਸੰਧੂ ਦੀ ਫ਼ਿਲਾਸਫ਼ੀ ਵੇਖੋ-

*ਪਾਈ ਅਸਲ 'ਚ ਓਸ ਹੀ ਇਨਸਾਨ ਜ਼ਿੰਦਗੀ।*
*ਸਮਝੀ ਹੈ ਜਿਸਨੇ ਆਪਣਾ ਈਮਾਨ ਜ਼ਿੰਦਗੀ।*

●

*"ਦੁੱਖ ਸੁਖ, ਖੁਸ਼ੀ ਗਮੀ, ਦੀ ਹੈ ਧੁੱਪ ਛਾਂ ਜਿਹੀ ਇਹ ਖੇਡ,*
*ਹੰਝੂ ਕਦੀ ਤੇ ਹੈ ਕਦੀ ਮੁਸਕਾਨ ਜ਼ਿੰਦਗੀ।"*

ਸਮੇਂ ਦੀ ਜੁਗ-ਗਰਦੀ ਵੱਲ ਇਸ਼ਾਰਾ ਕਰਦਿਆਂ ਹੋਇਆਂ ਸੁਖਬੀਰ ਸਿੰਘ ਸੰਧੂ ਦੇ ਆਸ਼ਾ-ਵਾਦੀ ਹੋਣ ਦੀ ਵੰਨਗੀ ਵੇਖੋਃ-

*ਦੱਸਦਾ ਏ ਹਰ ਨਜ਼ਾਰਾ, ਕਰਵਟ ਬਦਲ ਬਦਲ ਕੇ।*
*ਕੋਈ ਇਨਕਲਾਬ ਆਉਣਾ, ਹੈ ਅੱਜ ਨਹੀਂ ਤਾਂ ਭਲਕੇ।*

●

*ਧਰਤੀ ਨਾ ਸਹਿ ਸਕੇਗੀ, ਹੁਣ ਭਾਰ ਕੈਦੋਆਂ ਦਾ,*
*ਦਿਲ ਮਿਲਣਗੇ ਹਮੇਸ਼ਾਂ ਹੁਣ ਤਾਂ ਮਚਲ ਮਚਲ ਕੇ।*

ਸੁਖਬੀਰ ਸੰਧੂ ਪ੍ਰਦੇਸੀਂ ਬੈਠਾ ਹੋਇਆ ਪ੍ਰਦੇਸ ਦੀ ਫਿਜ਼ਾ ਨੂੰ ਕੋਸਦਾ ਹੈਃ-

*ਪੱਛਮ ਦੀਆਂ ਹਵਾਵਾਂ, ਸਾਨੂੰ ਨਾ ਰਾਸ ਆਈਆਂ।*
*ਆਪਣਾ ਬਣਾ ਕੇ ਵੀ ਜੋ, ਖ਼ੁਦ ਰਹਿੰਦੀਆਂ ਪਰਾਈਆਂ।*

ਲੋਕਾਂ ਲਈ ਸੰਧੂ ਕੋਲ ਕਿੰਨਾ ਕੁ ਦਰਦ ਹੈ -

*ਮਾਂ ਧਰਤੀ ਦੀ ਹਿੱਕ ਤੇ ਕਿਧਰੇ, ਬੰਬਾਂ ਦੀ ਬਰਸਾਤ ਹੈ ਹੋਈ।*
*ਖ਼ੂਨ ਮਨੁੱਖਤਾ ਦਾ ਕਿਤੇ ਹੋਇਆ, ਰੱਤ ਕਿਤੇ ਇਨਸਾਨ ਦੀ ਚੋਈ।*

ਜ਼ਰਾ ਸੁਖਬੀਰ ਸਿੰਘ ਸੰਧੂ ਦੇ ਵਿਅੰਗ ਦਾ ਨਮੂਨਾ ਵੇਖੋ। ਸੰਧੂ ਵਿੱਚ ਸ਼ਬਦ-ਚਿਤਰ ਵਾਹੁਣ ਦੀ ਯੋਗਤਾ ਵੀ ਹੈ। ਕਿਤੇ ਕਿਤੇ ਉਹ ਆਪਣੀ ਗੱਲ ਇਸ ਤਰ੍ਹਾਂ ਆਖ ਜਾਂਦਾ ਹੈ ਕਿ ਗੱਲ ਦਾ ਨਕਸ਼ਾ ਅੱਖਾਂ ਸਾਹਵੇਂ ਟੰਗਿਆ ਜਾਂਦਾ

ਹੈ। ਹੇਠਲੀਆਂ ਸਤਰਾਂ ਵੱਲ ਜ਼ਰਾ ਧਿਆਨ ਮਾਰੋ:-

ਜਾਪਦੇ ਉਸ ਦੀ ਗਲ਼ੀ 'ਚੋਂ, ਲੰਘ ਸਕੂੰ ਕੁਝ ਇਸ ਤਰਾਂ,
ਦੋ ਕਦਮ ਚੱਲਾਂਗਾ ਤੇ, ਮੁੜ ਕੇ ਠਹਿਰ ਜਾਵਾਂਗਾ ਮੈਂ।

●

ਲੋਕ ਵੇਖਣਗੇ ਤਮਾਸ਼ਾ, ਜੋ ਕਦੇ ਨਾ ਵੇਖਿਆ,
ਲਾਸ਼ ਆਪਣੀ ਹੀ ਉਠਾ ਕੇ, ਜਦ ਗੁਜ਼ਰ ਜਾਵਾਂਗਾ ਮੈਂ।

ਇੰਗਲੈਂਡ ਦੀ ਧਰਤੀ ਤੇ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ ਜਿਸ ਨੇ ਇਕ ਵੇਰ ਸੁਖਬੀਰ ਸਿੰਘ ਸੰਧੂ ਨੂੰ ਸੁਣ ਕੇ ਮੁੜ ਕੇ ਉਸ ਨੂੰ ਸੁਣਨ ਦੀ ਮੰਗ ਨਾ ਕੀਤੀ ਹੋਵੇ।

ਸੁਖਬੀਰ ਸਿੰਘ ਸੰਧੂ ਦਾ ਇਹ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਹੈ ਤੇ ਆਸ ਬੱਝਦੀ ਹੈ ਕਿ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਇਹ ਨਿੱਗਰ ਥਾਂ ਬਣਾਏਗਾ ਤੇ ਪੰਜਾਬੀ ਵਿਚ ਨਵੀਂ ਗ਼ਜ਼ਲ ਨੂੰ ਨਰੋਈ ਸੇਧ ਦੇਣ ਦੇ ਯੋਗ ਸਿੱਧ ਹੋਵੇਗਾ।

ਪਰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਕਿਸੇ ਵੀ ਉੱਚੀ ਥਾਂ ਪੁੱਜਣ ਲਈ ਪੌੜੀ ਦੇ ਡੰਡਿਆਂ ਤੇ ਪੈਰ ਰੱਖੇ ਬਿਨਾਂ ਉੱਪਰਲੇ ਡੰਡੇ ਤੀਕ ਨਹੀਂ ਪੁੱਜਿਆ ਜਾਂਦਾ। ਸੋ ਇਹ ਕੁਝ ਕੁ ਯਤਨ ਉਸ ਪੌੜੀ ਦੇ ਡੰਡੇ ਹਨ ਜੋ ਸ਼ਾਇਦ ਕਿਸੇ ਆਉਣ ਵਾਲੇ ਸਮੇਂ ਵਿਚ ਕਿਸੇ ਨਵੇਂ ਕਵੀ ਨੂੰ ਸਹਾਰੇ ਦਾ ਕੰਮ ਦੇ ਸਕਣ।

ਪੰਜਾਬੀ ਸਾਹਿਤ ਸੁਖਬੀਰ ਸਿੰਘ ਸੰਧੂ ਤੋਂ ਕੁਝ ਹੋਰ ਵੀ ਉਚੇਰੀ ਆਸ ਰੱਖਦਾ ਹੈ।

ਸ਼ਾਲਾ ! ਵਧੇ ਫੁੱਲੇ।

●

ਨੁਸਰਤ ਫ਼ਤਹਿ ਅਲੀ ਖਾਂ ਸਾਹਿਬ ਦੀ ਪਸੰਦ ਵਿੱਚ ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ "ਉਸ ਬੇਵਫ਼ਾ ਦੀ ਯਾਦ ਵਿੱਚ" ਹੋਣਾ ਪੰਜਾਬੀ ਬੋਲੀ ਦਾ ਬਹੁਤ ਵੱਡਾ ਸਨਮਾਨ ਹੈ। ਗੁਰਭਜਨ ਭਾ ਜੀ ਨੇ ਸੁਖਬੀਰ ਸੰਧੂ ਦੀ ਗੁਆਚੀ "ਪਾਇਲ" ਲੱਭ ਕੇ ਸਾਨੂੰ ਦਿੱਤੀ ਹੈ। ਹੁਣ ਸਾਡੀ ਜਿੰਮੇਵਾਰੀ ਹੈ ਕਿ ਇਸ ਦੀ ਛਣਕਾਰ ਘਰ-ਘਰ ਕਿਵੇਂ ਪਹੁੰਚਾਉਣੀ ਹੈ।

***ਮਨਿੰਦਰ ਗਿੱਲ***

*ਸੰਚਾਲਕ, ਰੇਡੀਓ ਇੰਡੀਆ, ਸੱਰੀ (ਕੈਨੇਡਾ)*

# ਪ੍ਰਭਾਤ ਦਾ ਸੰਧੂਰ : ਪਾਇਲ

*ਆਤਮ ਯਾਦ**

ਸੁਖਬੀਰ ਸਿੰਘ ਸੰਧੂ ਪੰਜਾਬੀ ਗ਼ਜ਼ਲ ਦੇ ਉਨ੍ਹਾਂ ਗਿਣੇ-ਚੁਣੇ ਸ਼ਾਇਰਾਂ ਵਿੱਚੋਂ ਹੈ ਇੱਕ ਜਿਸ ਦੀ ਕਲਮ ਦੀ ਆਪਣੀ ਵੱਖਰੀ ਨੁਹਾਰ ਹੈ। ਉਸ ਦੀ ਸ਼ਾਇਰੀ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਉਹ ਇਸ਼ਕ ਦੇ ਦਰਦ ਨੂੰ ਸਿਰਫ਼ ਇੱਕ ਮਹਿਬੂਬ ਦੀ ਬੇਵਫ਼ਾਈ ਤੱਕ ਸੀਮਤ ਨਹੀਂ ਰੱਖਦਾ। ਉਹ ਉਸ ਦਰਦ ਨੂੰ ਇੱਕ ਫ਼ਲਸਫ਼ਾ ਬਣਾ ਦਿੰਦਾ ਹੈ, ਇੱਕ ਸਵਾਲ ਬਣਾ ਦਿੰਦਾ ਹੈ ਜੋ ਹਰ ਪੜ੍ਹਨ ਵਾਲੇ ਦੇ ਅੰਦਰ ਗੂੰਜਦਾ ਹੈ।

ਸੁਖਬੀਰ ਸਿੰਘ ਸੰਧੂ ਦੀ 'ਪਾਇਲ' ਦੀਆਂ ਗ਼ਜ਼ਲਾਂ ਇਸ ਦੀ ਸਭ ਤੋਂ ਵਧੀਆ ਮਿਸਾਲ ਹਨ। 'ਪਾਇਲ' ਪੁਸਤਕ ਦਾ ਹਰ ਸ਼ਿਅਰ "ਕਰਾਂ ਕਿ ਨਾ" ਦੇ ਦੁਚਿੱਤੀ ਭਰੇ ਸਵਾਲ 'ਤੇ ਮੁੱਕਦਾ ਹੈ। ਇਹ "ਕਰਾਂ ਕਿ ਨਾ" ਕੋਈ ਰਦੀਫ਼ ਨਹੀਂ, ਇਹ ਤਾਂ ਅਜੋਕੇ ਮਨੁੱਖ ਦੇ ਮਨ ਦੀ ਹਾਲਤ ਹੈ।

ਅਸੀਂ ਹਰ ਪਲ ਕਿਸੇ ਨਾ ਕਿਸੇ ਦੁਚਿੱਤੀ ਵਿੱਚ ਖੜ੍ਹੇ ਹਾਂ। ਰੋਈਏ ਕਿ ਨਾ ਰੋਈਏ? ਬੀਤੇ ਨੂੰ ਯਾਦ ਕਰੀਏ ਕਿ ਭੁੱਲ ਜਾਈਏ? ਸ਼ਿਕਵਾ ਕਰੀਏ ਕਿ ਸਬਰ ਕਰੀਏ? ਜੀਵਨ ਦੀ ਆਸ ਰੱਖੀਏ ਕਿ ਮੌਤ ਨੂੰ ਗਲ਼ੇ ਲਾ ਲਈਏ?

ਇਸੇ ਦੁਚਿੱਤੀ ਦਾ ਸ਼ਿਕਾਰ ਹੈ। ਉਹ ਬੇਵਫ਼ਾ ਯਾਰ ਦੀ ਯਾਦ ਵਿੱਚ ਰੋਣਾ ਵੀ ਚਾਹੁੰਦਾ ਹੈ ਤੇ ਨਾਲ ਹੀ ਸੋਚਦਾ ਹੈ ਕਿ ਰੋਣ ਦਾ ਕੀ ਫ਼ਾਇਦਾ।

ਉਸ ਨੂੰ ਖ਼ਬਰ ਮਿਲਦੀ ਹੈ ਕਿ ਉਸ ਦਾ ਮਹਿਬੂਬ ਕਿਸੇ ਗ਼ੈਰ ਦੇ ਸੁਪਨੇ ਵਿੱਚ ਆਇਆ ਹੈ, ਤਾਂ ਉਹ ਸ਼ਿਕਾਇਤ ਕਰਨ ਲਈ ਵੀ ਤਿਆਰ ਹੈ, ਪਰ ਫਿਰ ਸੋਚਦਾ ਹੈ ਕਿ ਸ਼ਿਕਾਇਤ ਕਿਸ ਨੂੰ ਕਰੇ ਤੇ ਕਿਉਂ ਕਰੇ?

ਸੁਖਬੀਰ ਸਿੰਘ ਸੰਧੂ ਦੀ ਕਲਮ ਦਾ ਅਸਲ ਕਮਾਲ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਨਜ਼ਰ ਆਉਂਦਾ ਹੈ।

*ਖ਼ਤ ਦੇ ਕੇ ਰਕੀਬ ਦੇ ਕਾਸਿਦ ਕਿਉਂ ਰੋ ਪਿਆ,*
*ਸ਼ਾਇਦ ਉਹ ਵੀ ਉਦਾਸ ਹੈ, ਸਾਡੀ ਤੌਹੀਨ 'ਤੇ।*

---

**ਲੋਕ ਸੰਪਰਕ ਅਧਿਕਾਰੀ, ਕ੍ਰਿਪਾਲ ਸਾਗਰ ਅਕਾਡਮੀ ਰਾਹੋਂ (ਸ਼ਹੀਦ ਭਗਤ ਸਿੰਘ ਨਗਰ)*

*ਰਾਤ ਨੇ ਪ੍ਰਭਾਤ ਦਾ ਸੰਧੂਰ ਸਿਰ ਵਿੱਚ ਧੂੜ ਕੇ,*
*ਇੱਕ ਨਵਾਂ ਦਿਨ ਹੋਰ ਦਿੱਤਾ ਹੈ ਸਜਾ ਮੇਰੇ ਲਈ।*

●

*ਲੁਕ-ਲੁਕ ਕੇ ਕਰਨ ਵਾਲੀ ਚੀਜ਼ ਨਹੀਂ ਇਹ ਮੁਹੱਬਤ,*
*ਉਹ ਅੱਗ ਹੈ ਬੁਝ ਹੀ ਜਾਂਦੀ ਖੁੱਲ੍ਹ ਕੇ ਨਾ ਜੋ ਬਲ਼ੀ ਏ।*

●

*ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ,*
*ਕਹਿ ਦੇ ਜ਼ਰਾ ਕਿ ਜਾਣ ਦਾ ਵਾਅਦਾ ਕਰਾਂ ਕਿ ਨਾ।*

●

ਇੱਥੇ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਵੱਲ ਦਾ ਸਫ਼ਰ ਸ਼ੁਰੂ ਹੁੰਦਾ ਹੈ। ਸ਼ਾਇਰ ਆਖਦਾ ਹੈ ਕਿ ਉਹ ਕਾਅਬੇ ਵੱਲ ਨੂੰ ਤੁਰਿਆ ਸੀ, ਪਰ ਰਸਤੇ ਵਿੱਚ ਹੀ ਸੋਚਾਂ ਵਿੱਚ ਪੈ ਕੇ ਮੁੜ ਆਇਆ। ਕਿਉਂ? ਕਿਉਂਕਿ ਉਸ ਨੂੰ ਲੱਗਿਆ ਕਿ ਜੇ ਮਹਿਬੂਬ ਦੀ ਦਲ੍ਹੀਜ਼ ਹੀ ਨਸੀਬ ਨਹੀਂ, ਤਾਂ ਕਾਅਬੇ ਵਿੱਚ ਸਜਦਾ ਕਰਨ ਦਾ ਕੀ ਲਾਭ। ਇੱਥੇ ਸ਼ਾਇਰ ਮਹਿਬੂਬ ਨੂੰ ਰੱਬ ਦਾ ਦਰਜਾ ਦੇ ਰਿਹਾ ਹੈ। ਇਹ ਕੁਫ਼ਰ ਨਹੀਂ ਹੈ, ਇਹ ਉਹ ਇਸ਼ਕ ਹੈ ਜਿੱਥੇ ਆਸ਼ਕ ਲਈ ਮਾਸ਼ੂਕ ਹੀ ਸਭ ਕੁਝ ਬਣ ਜਾਂਦਾ ਹੈ। ਬੁੱਲ੍ਹੇ ਸ਼ਾਹ ਨੇ ਵੀ ਇਹੀ ਕਿਹਾ ਸੀ ਕਿ ਮੱਕਾ ਤਾਂ ਪਰਾਈ ਥਾਂ ਹੈ, ਸੱਜਣਾਂ ਦਾ ਦੇਸ਼ ਹੀ ਸਾਡਾ ਮੱਕਾ ਹੈ।

ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ ਨੂੰ ਜਦ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਨੇ ਆਪਣੀ ਆਵਾਜ਼ ਦਿੱਤੀ, ਤਾਂ ਇਹ ਸ਼ਬਦਾਂ ਤੋਂ ਵਧ ਕੇ ਜਜ਼ਬਾ ਬਣ ਗਈ। ਨੁਸਰਤ ਸਾਹਿਬ ਨੇ ਇਸ ਨੂੰ ਕੱਵਾਲੀ ਵਾਂਗ ਰੌਲ਼ੇ ਨਾਲ ਨਹੀਂ ਗਾਇਆ, ਸਗੋਂ ਇੱਕ ਟੁੱਟੇ ਹੋਏ ਦਿਲ ਦੀ ਪੁਕਾਰ ਵਾਂਗ ਗਾਇਆ। ਜਦ ਉਹ "ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ" ਵਾਲੀ ਸਤਰ ਗਾਉਂਦੇ ਹਨ, ਤਾਂ "ਮੌਤ" ਲਫ਼ਜ਼ 'ਤੇ ਉਨ੍ਹਾਂ ਦੀ ਆਵਾਜ਼ ਵਿੱਚ ਜੋ ਲਰਜ਼ਿਸ਼ ਆਉਂਦੀ ਹੈ, ਉਹ ਸੁਣਨ ਵਾਲੇ ਦੇ ਵੀ ਰੋਂਗਟੇ ਖੜ੍ਹੇ ਕਰ ਦਿੰਦੀ ਹੈ। ਲੱਗਦਾ ਹੈ ਕਿ ਮੌਤ ਸੱਚਮੁੱਚ ਹੀ ਦਰਵਾਜ਼ੇ 'ਤੇ ਖੜ੍ਹੀ ਉਡੀਕ ਕਰ ਰਹੀ ਹੈ।

ਖ਼ਾਸ ਕਰਕੇ "ਕਾਅਬੇ ਤੋਂ ਮੁੜ ਪਿਆ" ਵਾਲੇ ਮਿਸਰੇ ਨੂੰ ਨੁਸਰਤ ਸਾਹਿਬ ਨੇ ਜਿਸ ਤੜਪ ਨਾਲ ਗਾਇਆ ਹੈ, ਉਹ ਸੁਣਨ ਵਾਲੇ ਨੂੰ ਉਸੇ ਦੁਚਿੱਤੀ ਵਿੱਚ ਲੈ ਜਾਂਦਾ ਹੈ ਜਿੱਥੇ ਸ਼ਾਇਰ ਖੜ੍ਹਾ ਸੀ। ਉਨ੍ਹਾਂ ਦਾ ਅਲਾਪ "ਕਰਾਂ ਕਿ ਨਾ" ਦੇ

ਸਵਾਲ ਨੂੰ ਹਵਾ ਵਿੱਚ ਹੀ ਲਟਕਾ ਦਿੰਦਾ ਹੈ, ਤੇ ਉਸ ਦਾ ਜਵਾਬ ਸੁਣਨ ਵਾਲੇ ਦੀਆਂ ਅੱਖਾਂ ਵਿੱਚੋਂ ਹੰਝੂ ਬਣ ਕੇ ਨਿਕਲਦਾ ਹੈ।

ਸੁਖਬੀਰ ਸਿੰਘ ਸੰਧੂ ਦਾ ਕਮਾਲ ਇਹ ਹੈ ਕਿ ਉਸ ਨੇ ਦਰਦ ਨੂੰ ਸਵਾਲ ਬਣਾ ਦਿੱਤਾ। ਨੁਸਰਤ ਫ਼ਤਹਿ ਅਲੀ ਖ਼ਾਨ ਦਾ ਕਮਾਲ ਇਹ ਹੈ ਕਿ ਉਸ ਨੇ ਉਸ ਸਵਾਲ ਨੂੰ ਆਪਣੀ ਆਵਾਜ਼ ਨਾਲ ਸਰੋਤੇ ਦੇ ਦਿਲ ਵਿੱਚ ਉਤਾਰ ਦਿੱਤਾ। ਸ਼ਾਇਰ ਨੇ ਲਿਖਿਆ, ਗਾਇਕ ਨੇ ਰੁਲਾਇਆ।

ਸੁਖਬੀਰ ਸਿੰਘ ਸੰਧੂ ਗ਼ਜ਼ਲ ਦੀ ਅਮਰਤਾ ਦਾ ਰਾਜ਼ ਇਹ ਹੈ ਕਿ ਇਹ ਪੰਜਾਬੀ ਤੇ ਉਰਦੂ ਦੀ ਹੱਦ ਭੁਲਾ ਕੇ ਸਿੱਧੀ ਮਨੁੱਖੀ ਦਰਦ ਦੀ ਗੱਲ ਕਰਦੀ ਹੈ। ਸ਼ਾਇਰ ਪੁੱਛਦਾ ਹੈ, ਗਾਇਕ ਉਸ ਪੁੱਛ ਨੂੰ ਹੂਕ ਬਣਾ ਦਿੰਦਾ ਹੈ, ਤੇ ਸੁਣਨ ਵਾਲਾ ਉਸ ਹੂਕ ਨੂੰ ਆਪਣਾ ਦਰਦ ਸਮਝ ਲੈਂਦਾ ਹੈ।

ਅੱਜ ਵੀ ਜਦ ਇਹ ਗ਼ਜ਼ਲ ਸੁਣਦੇ ਹਾਂ ਤਾਂ ਲੱਗਦਾ ਹੈ ਕਿ ਸੁਖਬੀਰ ਦੀ ਕਲਮ ਤੇ ਨੁਸਰਤ ਫਤਹਿ ਅਲੀ ਖਾਂ ਸਾਹਿਬ ਦੀ ਆਵਾਜ਼ ਮਿਲ ਕੇ ਹਰ ਉਸ ਇਨਸਾਨ ਦੀ ਗੱਲ ਕਰ ਰਹੀਆਂ ਹਨ ਜਿਸ ਨੇ ਕਦੇ ਇਸ਼ਕ ਕੀਤਾ ਹੈ, ਜਿਸ ਨੇ ਕਦੇ ਦੁਚਿੱਤੀ ਹੰਢਾਈ ਹੈ, ਤੇ ਜਿਸ ਨੇ ਕਦੇ ਮਹਿਬੂਬ ਨੂੰ ਹੀ ਆਪਣਾ ਰੱਬ ਮੰਨ ਲਿਆ ਹੈ। ਇਹੀ ਸੁਖਬੀਰ ਸਿੰਘ ਸੰਧੂ ਦੀ ਵਿਲੱਖਣ ਪਛਾਣ ਹੈ, ਤੇ ਇਹੀ ਨੁਸਰਤ ਸਾਹਿਬ ਦੀ ਕਲਾਤਮਕ ਪੁਖ਼ਤਗੀ ਹੈ।

ਸੰਧੂਰੀ ਮਹਿਕ ਦਾ ਅਹਿਸਾਸ ਕਰਵਾਉਂਦੀ ਸ਼ਾਇਰ ਸੁਖਬੀਰ ਸਿੰਘ ਸੰਧੂ ਦੀ ਸ਼ਾਇਰੀ ਦਾ ਜਲੌਅ...

ਪਾਇਲ... ਪਾਇਲ...

●

ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਵਿੱਚੋਂ ਪਹਿਲੀ ਬਾਰਸ਼ ਪੈਣ ਵੇਲੇ ਧਰਤੀ ਦੀ ਤਪਸ਼ ਮਿਟਦਿਆਂ ਉੱਠਦੀ ਸੋਂਧੀ ਸੋਂਧੀ ਮਹਿਕ ਵਰਗਾ ਅਨੁਭਵ ਹੁੰਦਾ ਹੈ। ਗ਼ਜ਼ਲ ਦੇ ਰਵਾਇਤੀ ਸ਼ਬਦਾਂ ਵਿੱਚੋਂ ਵੀ ਮਨੁੱਖੀ ਮਨ ਦੀ ਤਰਲਤਾ ਉਸ ਨੇ ਖਾਰਜ ਨਹੀਂ ਹੋਣ ਦਿੱਤੀ, ਸਗੋਂ ਉਸ ਨੂੰ ਕਾਇਮ ਰੱਖ ਕੇ ਇਹ ਵਿਸ਼ਵਾਸ ਪਰਪੱਕ ਕੀਤਾ ਹੈ ਕਿ ਸਬਦ ਕਦੇ ਵੀ ਸਮਾਂ ਕਾਲ ਦੇ ਗੁਲਾਮ ਨਹੀਂ ਹੁੰਦੇ, ਇਸੇ ਕਰਕੇ ਅੱਧੀ ਸਦੀ ਪਹਿਲਾਂ ਛਪੀ ਇਹ ਪੁਸਤਕ ਸਾਡੇ ਲਈ ਅੱਜ ਵੀ ਓਨੀ ਹੀ ਸੱਜਰੀ ਤੇ ਤਾਜ਼ਗੀ ਭਰਪੂਰ ਹੈ।

*ਮਨਜਿੰਦਰ ਧਨੋਆ*
*ਲੁਧਿਆਣਾ*

# ਸੁਖਬੀਰ ਸਿੰਘ ਸੰਧੂ ਦਾ ਗ਼ਜ਼ਲ ਜਗਤ

*ਗੁਰਬੀਰ ਸਿੰਘ ਬਰਾੜ (ਡਾ.)**

ਸੁਖਬੀਰ ਸਿੰਘ ਸੰਧੂ ਦਾ ਇਹ ਗ਼ਜ਼ਲ ਸੰਗ੍ਰਹਿ ਪੰਜਾਬੀ ਕਾਵਿ-ਜਗਤ ਵਿੱਚ ਵਿਸ਼ੇ ਅਤੇ ਰੂਪ ਦੇ ਪੱਖੋਂ ਇੱਕ ਨਿਵੇਕਲੀ ਅਤੇ ਬਹੁ-ਪਰਤੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਹੈ, ਜੋ ਪਰੰਪਰਾਗਤ ਇਸ਼ਕੀਆ ਰੰਗਤ ਤੋਂ ਉੱਪਰ ਉੱਠ ਕੇ ਸਮਾਜਿਕ, ਸਿਆਸੀ, ਰੂਹਾਨੀ ਅਤੇ ਮਨੁੱਖੀ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਸਮੇਟਦਾ ਹੈ। ਸੁਖਬੀਰ ਸਿੰਘ ਸੰਧੂ ਦੀ ਸ਼ਾਇਰੀ ਵਿੱਚ ਪਿਆਰ ਅਤੇ ਬਿਰਹਾ ਦਾ ਅਹਿਸਾਸ ਬਹੁਤ ਡੂੰਘਾ ਹੈ, ਜਿਵੇ :

*ਮੈਂ ਤੇਰੇ ਪਿਆਰ 'ਚ ਤੂੰ ਹੀ ਨਾ ਬਣ ਗਿਆ ਹੋਵਾਂ,*
*ਤੇਰਾ ਨਾਂ ਲੈਂਦੇ ਤੇ ਮੈਨੂੰ ਪੁਕਾਰਦੇ ਸਾਰੇ।*

ਜਿੱਥੇ ਆਸ਼ਕ ਦੀ ਮਾਨਸਿਕ ਵੇਦਨਾ, ਸੱਜਣ ਦੀ ਬੇਰੁਖ਼ੀ, ਰਕੀਬਾਂ ਦੇ ਤਾਅਨੇ ਅਤੇ ਯਾਦਾਂ ਦੀ ਤੜਪ ਨੂੰ ਬਾਖ਼ੂਬੀ ਚਿਤਰਿਆ ਗਿਆ ਹੈ; ਖ਼ਾਸ ਕਰ ਪ੍ਰਦੇਸ ਦੀ ਤਨਹਾਈ ਵਿੱਚ ਵਤਨ ਅਤੇ ਮਹਿਬੂਬ ਦੀਆਂ ਯਾਦਾਂ ਦਾ ਇਕੱਠੇ ਆਉਣਾ (ਦੋ ਜਣੀਆਂ) ਮਨੁੱਖੀ ਮਨ ਦੀ ਇੱਕ ਅਨੋਖੀ ਖਿੱਚ ਨੂੰ ਪੇਸ਼ ਕਰਦਾ ਹੈ। ਸ਼ਾਇਰ ਮੁਹੱਬਤ ਨੂੰ ਜੁਗਾਂ ਦੀ ਘਾਲਣਾ ਮੰਨਦਾ ਹੈ, ਜਿਸ ਵਿੱਚ ਦਿਲ ਦਾ ਟੁੱਟਣਾ ਜਾਂ ਡੁੱਬਣਾ ਵੀ ਇੱਕ ਪ੍ਰਕਾਰ ਦੀ ਪ੍ਰਾਪਤੀ ਹੈ, ਪਰ ਇਸ ਦੇ ਨਾਲ ਹੀ ਉਹ ਗ਼ਜ਼ਲ ਦੇ ਸੰਕੁਚਿਤ ਘੇਰੇ ਨੂੰ ਤੋੜਦਿਆਂ ਸਮਾਜਿਕ ਚੇਤਨਾ ਅਤੇ ਇਨਕਲਾਬੀ ਸੁਰ ਨੂੰ ਬੁਲੰਦ ਕਰਦਾ ਹੈ। ਉਹ ਵਕਤ ਦੇ ਬਦਲਦੇ ਰੁਖ਼, ਆਉਣ ਵਾਲੇ ਸਮਾਜਿਕ ਪਰਿਵਰਤਨ ਅਤੇ ਜ਼ਮੀਰ ਦੀ ਆਵਾਜ਼ ਨੂੰ ਦਬਾਉਣ ਵਾਲੇ ਜਬਰ ਦੇ ਖ਼ਿਲਾਫ਼ ਨੌਜਵਾਨਾਂ ਨੂੰ ਤਿੱਖੇ ਸੰਗਰਾਮ ਲਈ ਵੰਗਾਰਦਾ ਹੈ, ਕਿਉਂਕਿ ਉਸ ਦਾ ਮੰਨਣਾ ਹੈ ਕਿ ਬਲਵਾਨ ਦਿਲਾਂ ਨੇ ਹਮੇਸ਼ਾਂ ਅਸਮਾਨ ਨੂੰ ਝੁਕਾਇਆ ਹੈ। ਸੰਧੂ ਦੀ ਸ਼ਾਇਰੀ ਵਿੱਚ ਗ਼ਰੀਬੀ, ਭੁੱਖਮਰੀ ਅਤੇ ਜਮਾਤੀ ਨਾ ਬਰਾਬਰੀ ਦਾ ਦਰਦ ਬਹੁਤ ਸ਼ਿੱਦਤ ਨਾਲ ਉੱਭਰਦਾ ਹੈ, ਜਿੱਥੇ ਉਹ ਗ਼ਰੀਬੀ ਨੂੰ ਇਨਸਾਨੀ ਫ਼ਰਜ਼ਾਂ, ਇੱਜ਼ਤ ਅਤੇ ਪਿਆਰ ਨੂੰ ਖਾ ਜਾਣ ਵਾਲੀ ਇੱਕ ਭਿਆਨਕ ਸੱਚਾਈ ਵਜੋਂ ਪੇਸ਼ ਕਰਦਾ ਹੈ।

**ਸੰਪਾਦਕ "ਸੁਰਤਿ" ਮੈਗਜ਼ੀਨ, ਸ੍ਰੀ ਅੰਮ੍ਰਿਤਸਰ*

ਜਦੋਂ ਘਰ ਕਿਸੇ ਦੇ ਸਮਾਏ ਗ਼ਰੀਬੀ।
ਤਾਂ ਕੀ ਕੀ ਸੁਣੋ ਕਰ ਵਿਖਾਏ ਗ਼ਰੀਬੀ।

●

ਇਹ ਆਪਸ 'ਚ ਗੱਲ ਗੱਲ 'ਤੇ ਝਗੜੇ ਕਰਾਏ,
ਤੇ ਪਲ ਪਲ ਪਿਆਰਾਂ ਨੂੰ ਖਾਏ ਗ਼ਰੀਬੀ।

ਇਸ ਤੋਂ ਇਲਾਵਾ, ਉਸ ਦੇ ਦਿਲ ਵਿੱਚ ਵਿਸ਼ਵ-ਮਨੁੱਖਤਾ ਲਈ ਅਥਾਹ ਹਮਦਰਦੀ ਹੈ, ਜੋ ਮਾਂ-ਧਰਤੀ 'ਤੇ ਹੁੰਦੀ ਬੰਬਾਂ ਦੀ ਬਰਸਾਤ, ਜੰਗ ਦੇ ਵਪਾਰ ਅਤੇ ਮਨੁੱਖੀ ਖ਼ੂਨ ਦੇ ਵਗਣ 'ਤੇ ਡੂੰਘਾ ਅਫ਼ਸੋਸ ਪ੍ਰਗਟ ਕਰਦੀ ਹੈ ਅਤੇ ਅਜਿਹੇ ਧਾਰਮਿਕ ਜਾਂ ਸਮਾਜਿਕ ਆਗੂਆਂ 'ਤੇ ਤਿੱਖਾ ਵਿਅੰਗ ਕਰਦੀ ਹੈ ਜੋ ਧਰਮ ਦੇ ਨਾਂ 'ਤੇ ਲੁਟੇਰੇ ਬਣੇ ਹੋਏ ਹਨ।

ਕਲਾਤਮਕ ਪੱਖ ਤੋਂ ਸੁਖਬੀਰ ਸਿੰਘ ਸੰਧੂ ਨੂੰ ਸੁਰ ਅਤੇ ਲੈਅ ਦੀ ਬਹੁਤ ਡੂੰਘੀ ਸਮਝ ਹੈ, ਜਿਸ ਸਦਕੇ ਉਸ ਦੀਆਂ ਗ਼ਜ਼ਲਾਂ ਵਿੱਚ ਇੱਕ ਅਦਭੁਤ ਰਵਾਨੀ ਅਤੇ ਸੰਗੀਤਕਤਾ ਹੈ, ਜੋ ਪਾਠਕ ਜਾਂ ਸਰੋਤੇ ਨੂੰ ਪੂਰੀ ਤਰ੍ਹਾਂ ਕੀਲ ਲੈਂਦੀ ਹੈ। ਉਹ ਮੈਖ਼ਾਨਾ, ਸਾਕੀ, ਸ਼ਮ੍ਹਾਂ-ਪਰਵਾਨਾ, ਅਤੇ ਜਨਾਜ਼ਾ ਵਰਗੇ ਪਰੰਪਰਾਗਤ ਉਰਦੂ-ਫ਼ਾਰਸੀ ਬਿੰਬਾਂ ਅਤੇ ਪ੍ਰਤੀਕਾਂ ਨੂੰ ਪੰਜਾਬੀ ਸੱਭਿਆਚਾਰਕ ਸੰਦਰਭ ਵਿੱਚ ਬੜੀ ਮੌਲਿਕਤਾ ਨਾਲ ਢਾਲ਼ਦਾ ਹੈ ਅਤੇ ਉਸ ਦੇ ਸ਼ਬਦ-ਚਿੱਤਰ ਇੰਨੇ ਸ਼ਕਤੀਸ਼ਾਲੀ ਹਨ ਕਿ ਪਾਠਕ ਦੇ ਸਾਹਮਣੇ ਪੂਰਾ ਦ੍ਰਿਸ਼ ਸੁਰਜੀਤ ਕਰ ਦਿੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੰਦਰਭ ਵਿੱਚ ਲਿਖੀ ਉਸ ਦੀ ਗ਼ਜ਼ਲ ਸਿਦਕ, ਭਗਤੀ ਦੇ ਨਸ਼ੇ ਅਤੇ ਜ਼ੁਲਮ ਦੇ ਹਾਰਨ ਦੀ ਇੱਕ ਸ਼ਾਨਦਾਰ ਮਿਸਾਲ ਹੈ, ਜੋ ਇਹ ਸਿੱਧ ਕਰਦੀ ਹੈ ਕਿ ਉਸ ਕੋਲ ਹਰ ਵਿਸ਼ੇ ਨੂੰ ਗ਼ਜ਼ਲ ਦੇ ਬਹਿਰ ਵਿੱਚ ਢਾਲ਼ਣ ਦੀ ਅਥਾਹ ਸਮਰੱਥਾ ਹੈ।

ਸੁਖਬੀਰ ਸਿੰਘ ਸੰਧੂ ਦੀ ਜ਼ਿੰਦਗੀ ਬਾਰੇ ਫ਼ਿਲਾਸਫ਼ੀ ਬਹੁਤ ਯਥਾਰਥਵਾਦੀ ਅਤੇ ਆਸ਼ਾਵਾਦੀ ਹੈ। ਉਹ ਜ਼ਿੰਦਗੀ ਨੂੰ ਸੁਖ-ਦੁੱਖ, ਹੰਝੂਆਂ ਅਤੇ ਮੁਸਕਾਨ ਦੀ ਧੁੱਪ-ਛਾਂ ਵਰਗੀ ਖੇਡ ਮੰਨਦਾ ਹੋਇਆ ਇਸ ਨੂੰ ਪੂਰੇ ਈਮਾਨ ਅਤੇ ਅਣਖ਼ ਨਾਲ ਜੀਉਣ ਦਾ ਹੋਕਾ ਦਿੰਦਾ ਹੈ, ਜੋ ਆਧੁਨਿਕ ਪੰਜਾਬੀ ਗ਼ਜ਼ਲ ਨੂੰ ਰਵਾਇਤੀ ਵਲਗਣਾਂ ਵਿੱਚੋਂ ਕੱਢ ਕੇ ਨਵੀਂ, ਨਰੋਈ ਅਤੇ ਅਗਾਂਹਵਧੂ ਸੇਧ ਪ੍ਰਦਾਨ ਕਰਦੀ ਹੈ।

*ਗ਼ਮ ਹੀ ਬਣੇ ਨੇ ਪਿਆਰ ਦੇ ਗਵਾਹ ਬਾਰ ਬਾਰ।*
*ਹਰ ਸਾਹ ਬਣ ਕੇ ਰਹਿ ਗਿਆ ਇੱਕ ਆਹ ਬਾਰ ਬਾਰ।*

ਪਲ ਪਲ ਚੁਰਾਈ ਜਾਏਗੀ, ਸਾਨੂੰ ਸੀ ਕੀ ਪਤਾ,
ਮਿਲਦੀ ਰਹੀ ਸੀ ਜੋ ਕਦੀ ਨਿਗਾਹ ਬਾਰ ਬਾਰ।

●

ਉਸਦੇ ਸ਼ਹਿਰ 'ਚੋਂ ਲੰਘਦਿਆਂ ਕਿਉਂ ਮੇਰੇ ਰਾਹ ਤੇ,
ਆਇਆ ਭਲਾ ਹੈ ਦੋਸਤੋ ਇੱਕ ਰਾਹ ਬਾਰ ਬਾਰ।

●

ਜਿਸ ਦਿਨ ਦਾ ਕੋਈ ਤੋੜ ਕੇ ਹੈ ਦਿਲ ਚਲਾ ਗਿਆ,
ਸੁਣਦੇ ਹਾਂ ਆਪਣੀ ਮੌਤ ਦੀ ਅਫ਼ਵਾਹ ਬਾਰ ਬਾਰ।

●

ਹਾਏ ! ਰਕੀਬ ਕਿਸ ਤਰ੍ਹਾਂ ਚੁੱਪ ਚਾਪ ਕਹਿ ਗਿਆ,
ਕੀਤੀ ਅਸਾਂ ਜੋ ਕਹਿਣ ਦੀ ਸਲਾਹ ਬਾਰ ਬਾਰ।

ਇਹ ਗ਼ਜ਼ਲ ਇਸ਼ਕੀ ਵਿਛੋੜੇ, ਬੇਬਸੀ, ਅੰਦਰੂਨੀ ਟੁੱਟ-ਭੱਜ ਅਤੇ ਸਦੀਵੀ ਵੇਦਨਾ ਦਾ ਬੇਹੱਦ ਸੰਵੇਦਨਸ਼ੀਲ, ਮਾਰਮਿਕ ਅਤੇ ਕਲਾਤਮਕ ਪ੍ਰਗਟਾਵਾ ਹੈ। ਸ਼ਾਇਰ ਨੇ 'ਬਾਰ ਬਾਰ' ਰਦੀਫ਼ ਦੀ ਨਿਪੁੰਨ ਅਤੇ ਪ੍ਰਭਾਵਸ਼ਾਲੀ ਵਰਤੋਂ ਰਾਹੀਂ ਇਸ਼ਕ ਦੇ ਜ਼ਖ਼ਮ ਨੂੰ ਕਿਸੇ ਇੱਕ ਪਲ ਦੀ ਘਟਨਾ ਨਹੀਂ, ਸਗੋਂ ਜੀਵਨ ਭਰ ਨਾਲ ਚੱਲਣ ਵਾਲੀ ਨਿਰੰਤਰ ਅਤੇ ਅਟੱਲ ਪੀੜਾ ਵਜੋਂ ਰੂਪਾਂਤਰਿਤ ਕੀਤਾ ਹੈ, ਜਿੱਥੇ ਹਰ ਸਾਹ ਇੱਕ ਹੌਕਾ ਅਤੇ ਹਰ ਪਲ ਵਿਛੋੜੇ ਦੀ ਨਵੀਂ ਚੁਭਣ ਦਾ ਅਹਿਸਾਸ ਕਰਵਾਉਂਦਾ ਹੈ। ਦਿਲ ਦੇ ਟੁੱਟਣ ਤੋਂ ਬਾਅਦ ਦੀ ਜੀਉਂਦੇ-ਜੀਅ ਮਰਨ ਵਰਗੀ ਆਤਮਿਕ ਅਵਸਥਾ, ਅਚੇਤ ਮਨ ਵਿੱਚ ਵੱਸੇ ਮਹਿਬੂਬ ਦੀ ਅਮਿੱਟ ਯਾਦ ਅਤੇ ਉਸ ਵੱਲ ਬਣੀ ਖਿੱਚ ਨੂੰ ਸ਼ਾਇਰ ਨੇ ਬਹੁਤ ਹੀ ਸੂਖਮ ਮਨੋਵਿਗਿਆਨਕ ਡੂੰਘਾਈ ਨਾਲ ਚਿਤਰਿਆ ਹੈ। ਗ਼ਜ਼ਲ ਵਿਚ ਰਕੀਬ ਦੀ ਜਿੱਤ ਅਤੇ ਸ਼ਾਇਰ ਦੀ ਬੇਬਸ ਹਾਰ ਦੇ ਚਿੱਤਰਣ ਨੂੰ ਬੇਬਾਕੀ ਨਾਲ ਪ੍ਰਗਟ ਕੀਤਾ ਹੈ, ਜੋ ਇਸ਼ਕ ਦੀ ਵਿਡੰਬਨਾ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਸਰਲ, ਸੁਭਾਵਕ ਅਤੇ ਪ੍ਰਭਾਵਸ਼ਾਲੀ ਭਾਸ਼ਾ, ਭਾਵਾਂ ਦੀ ਗਹਿਰਾਈ, ਪ੍ਰਤੀਕਾਤਮਕਤਾ ਅਤੇ ਤੀਬਰ ਜਜ਼ਬਾਤੀ ਰੰਗਾਂ ਨਾਲ ਭਰਪੂਰ ਇਹ ਗ਼ਜ਼ਲ ਸੰਗ੍ਰਹਿ **"ਪਾਇਲ"** ਪਾਠਕ ਦੇ ਮਨ ਨੂੰ ਡੂੰਘਾਈ ਤੱਕ ਛੂੰਹਦਾ ਹੈ ਅਤੇ ਉਸ ਦੇ ਹਿਰਦੇ ਵਿੱਚ ਲੰਬੇ ਸਮੇਂ ਤੱਕ ਆਪਣਾ ਪ੍ਰਭਾਵ ਕਾਇਮ ਰੱਖਣ ਦੇ ਸਮਰੱਥ ਹੈ।

●

# ‘ਪਾਇਲ’ : ਪੰਜਾਬੀ ਗ਼ਜ਼ਲ ਸਾਹਿਤ ਦੀ ਮਹੱਤਵਪੂਰਨ ਪ੍ਰਾਪਤੀ

*ਪਰਮਜੀਤ ਕੌਰ ਸਿੱਧੂ (ਡਾ.)**

ਸੁਖਬੀਰ ਸਿੰਘ ਸੰਧੂ ਦੀ ਪੁਸਤਕ 'ਪਾਇਲ' ਪੰਜਾਬੀ ਗ਼ਜ਼ਲ ਸਾਹਿਤ ਦੀ ਮਹੱਤਵਪੂਰਨ ਪ੍ਰਾਪਤੀ ਹੈ। ਇਹਨਾਂ ਗ਼ਜ਼ਲਾਂ ਵਿੱਚੋਂ ਕਵੀ ਦੇ ਡੂੰਘੇ ਚਿੰਤਨ, ਜੀਵਨ ਅਨੁਭਵ ਅਤੇ ਸੰਵੇਦਨਸ਼ੀਲ ਮਨ ਦੇ ਦਰਸ਼ਨ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਵਸਾਈ ਨਗਰੀ ਤਰਤਾਰਨ ਦੇ ਜਾਏ ਸੁਖਬੀਰ ਸਿੰਘ ਸੰਧੂ ਨੇ ਗ਼ਜ਼ਲ ਦੇ ਰਵਾਇਤੀ ਘੇਰੇ ਨੂੰ ਵਿਸਤਾਰ ਦਿੰਦਿਆਂ ਇਹ ਸਾਬਤ ਕੀਤਾ ਹੈ ਕਿ ਗ਼ਜ਼ਲ ਕੇਵਲ ਇਸ਼ਕ ਅਤੇ ਮੁਹੱਬਤ ਦੀ ਅਭਿਵਿਅਕਤੀ ਤੱਕ ਸੀਮਤ ਨਹੀਂ, ਸਗੋਂ ਇਹ ਸਮਾਜਿਕ, ਰਾਜਨੀਤਿਕ ਅਤੇ ਮਨੁੱਖੀ ਸਰੋਕਾਰਾਂ ਨੂੰ ਵੀ ਬੇਹੱਦ ਸੁੰਦਰਤਾ ਅਤੇ ਡੂੰਘਾਈ ਨਾਲ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ।

“ਪਾਇਲ” ਦੀਆਂ ਗ਼ਜ਼ਲਾਂ ਵਿੱਚ ਪਿਆਰ ਦੀ ਕੋਮਲਤਾ ਦੇ ਨਾਲ-ਨਾਲ ਸਮਾਜਿਕ ਚੇਤਨਾ, ਲੋਕ-ਦਰਦ ਅਤੇ ਸਮਾਜ ਪ੍ਰਤੀ ਗਹਿਰੀ ਸੰਵੇਦਨਾ ਸਪਸ਼ਟ ਰੂਪ ਵਿੱਚ ਨਜ਼ਰ ਆਉਂਦੀ ਹੈ। ਕਵੀ ਆਪਣੇ ਕਲਾਮ ਰਾਹੀਂ ਜਿੱਥੇ ਨੌਜਵਾਨ ਪੀੜ੍ਹੀ ਨੂੰ ਸੰਘਰਸ਼ ਅਤੇ ਬਦਲਾਅ ਲਈ ਪ੍ਰੇਰਿਤ ਕਰਦਾ ਹੈ, ਉੱਥੇ ਉਹ ਜ਼ੁਲਮ, ਅਨਿਆਂ ਕਰਨ ਅਤੇ ਲੋਕ-ਆਵਾਜ਼ ਨੂੰ ਦਬਾਉਣ ਵਾਲੀਆਂ ਤਾਕਤਾਂ ਨੂੰ ਵੀ ਆਪਣੀ ਕਲਮ ਰਾਹੀਂ ਚੁਣੌਤੀ ਦਿੰਦਾ ਹੈ। ਸਮੇਂ ਦੀਆਂ ਤਬਦੀਲੀਆਂ ਅਤੇ ਵਿਸੰਗਤੀਆਂ ਨੂੰ ਪਛਾਣਦਿਆਂ ਵੀ ਉਸ ਦੀ ਕਵਿਤਾ ਵਿੱਚ ਭਵਿੱਖ ਪ੍ਰਤੀ ਆਸ ਅਤੇ ਵਿਸ਼ਵਾਸ ਦੀ ਰੌਸ਼ਨੀ ਕਾਇਮ ਰਹਿੰਦੀ ਹੈ।

ਸੁਖਬੀਰ ਸਿੰਘ ਸੰਧੂ ਦੀ ਸ਼ਾਇਰੀ ਦੀ ਵਿਲੱਖਣਤਾ ਉਸ ਦੀ ਸਾਦਗੀ, ਸੁਹਜ ਅਤੇ ਅਭਿਵਿਅਕਤੀ ਦੀ ਪ੍ਰਪੱਕਤਾ ਵਿੱਚ ਹੈ। ਉਹ ਹਰ ਵਿਸ਼ੇ ਨੂੰ ਆਪਣੇ ਇੰਨੀ ਕਲਾਤਮਕਤਾ ਅਤੇ ਸੰਵੇਦਨਸ਼ੀਲਤਾ ਨਾਲ ਸ਼ਬਦਾਂ ਦਾ ਜਾਮਾ ਪੁਆਉਂਦਾ ਹੈ ਕਿ ਪਾਠਕ ਉਸ ਅਨੁਭਵ ਨਾਲ ਅੰਦਰੋਂ ਜੁੜ ਜਾਂਦਾ ਹੈ। ਉਸ ਦੇ ਬੋਲਾਂ ਵਿੱਚ ਸਾਦਗੀ ਵੀ ਹੈ ਅਤੇ ਡੂੰਘਾਈ ਵੀ; ਵੰਗਾਰ ਵੀ ਹੈ ਪਰ ਉਹ ਮਰਿਆਦਾ ਅਤੇ ਸਲੀਕੇ ਨਾਲ ਪ੍ਰਗਟ ਹੁੰਦੀ ਹੈ। ਉਸ ਦੀ ਰਚਨਾ

---

**ਮੁਖੀ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

ਅਨੁਭਵ ਅਤੇ ਸੰਵੇਦਨਾ ਦੀ ਪੱਕੀ ਆਵਾਜ਼ ਹੈ। ਕਈ ਗ਼ਜ਼ਲਾਂ ਵਿੱਚ ਉਸ ਨੇ ਜੀਵਨ-ਦਰਸ਼ਨ, ਸਮੇਂ ਦੀ ਬਦਲਦੀ ਕਰਵਟ, ਜੰਗ ਦੇ ਵਿਰੋਧ ਅਤੇ ਮਨੁੱਖੀ ਮੁੱਲਾਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਹ ਨਾਅਰੇ ਨਹੀਂ ਲਗਾਉਂਦਾ, ਸਗੋਂ ਆਪਣੀ ਗੱਲ ਨੂੰ ਕਲਾਤਮਕ ਸੰਕੇਤਾਂ ਅਤੇ ਸ਼ਬਦ-ਚਿੱਤਰਾਂ ਰਾਹੀਂ ਪ੍ਰਭਾਵਸ਼ਾਲੀ ਬਣਾਉਂਦਾ ਹੈ।

ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਵਿੱਚ ਗਾਇਨ ਯੋਗਤਾ ਅਤੇ ਭਾਵਨਾਤਮਕ ਪ੍ਰਭਾਵ ਉਹ ਗੁਣ ਹਨ ਜੋ ਲੋਕ-ਪ੍ਰਸਿੱਧੀ ਦੀ ਸੰਭਾਵਨਾ ਪੈਦਾ ਕਰਦੇ ਹਨ। ਇਹ ਗੱਲ ਵਿਚਾਰਨਯੋਗ ਹੈ ਕਿ ਇੰਨੀ ਸਮਰੱਥ ਅਤੇ ਸੰਵੇਦਨਸ਼ੀਲ ਸ਼ਾਇਰੀ ਕਰਨ ਵਾਲਾ ਕਵੀ ਲੰਮੇ ਸਮੇਂ ਤੱਕ ਸਾਹਿਤਕ ਚਰਚਾ ਤੋਂ ਅਣਗੌਲਿਆ ਕਿਉਂ ਰਿਹਾ?

"ਪਾਇਲ" ਦਾ ਲੰਮੇ ਅਰਸੇ ਬਾਅਦ ਦੁਬਾਰਾ ਪ੍ਰਕਾਸ਼ਿਤ ਹੋਣਾ ਪੰਜਾਬੀ ਸਾਹਿਤ ਲਈ ਇੱਕ ਮਹੱਤਵਪੂਰਨ ਘਟਨਾ ਹੈ।

●

## "ਪਾਇਲ" ਸਮਰੱਥ ਗ਼ਜ਼ਲ ਦੀ ਸਿਰਜਣਾ

*ਦਰਸ਼ਨ ਸਿੰਘ 'ਆਸ਼ਟ' (ਡਾ.)**

ਗ਼ਜ਼ਲ ਦੀ ਸਿਰਜਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਜੇਕਰ ਬਹਿਰ ਵੀ ਛੋਟੀ ਹੋਵੇ ਤੇ ਉਸ ਨੂੰ ਖ਼ੂਬਸੂਰਤੀ ਨਾਲ ਨਿਭਾਉਣਾ ਤਾਂ ਹੋਰ ਵੀ ਮੁਸ਼ਕਿਲ। ਮੁਆਸ਼ਰੇ ਦੀ ਸਜੀਵ ਮੰਜ਼ਰ-ਕਸ਼ੀ ਕਰਨ ਵਾਲਾ ਇਹ ਸ਼ਾਇਰ ਸੁਖਬੀਰ ਸਿੰਘ ਸੰਧੂ ਪਹਿਲਾਂ ਕਿੱਥੇ ਰਿਹਾ? ਮੇਰੀਆਂ ਨਜ਼ਰਾਂ ਤੋਂ ਓਝਲ ਕਿਵੇਂ ਰਿਹਾ? ਫਿਰ ਚਾਣਚੱਕ ਯਾਦ ਆਇਆ, ਇਸ ਵਿਚ ਇਸ ਪੁਖ਼ਤਾ ਸ਼ਾਇਰ ਦਾ ਕੀ ਦੋਸ਼? ਮੇਰੀ ਆਪਣੀ ਹੀ ਸੀਮਾ ਅਲਪ ਜੁ ਹੋਈ।

ਗ਼ਜ਼ਲ ਦਾ ਪਾਠਕ ਹੋਣ ਪਾਰੋਂ ਮੈ ਜਿਉਂ-ਜਿਉਂ ਇਨ੍ਹਾਂ ਗ਼ਜ਼ਲਾਂ ਨੂੰ ਪੜ੍ਹਦਾ ਗਿਆ, ਤਿਉਂ-ਤਿਉਂ ਹੈਰਤਅੰਗੇਜ਼ ਹੁੰਦਾ ਗਿਆ। ਇਨ੍ਹਾਂ ਗ਼ਜ਼ਲਾਂ ਵਿੱਚ ਵੰਨ -ਸੁਵੰਨੇ ਵਿਸ਼ਿਆਂ ਨੂੰ ਇਸ ਕਦਰ ਨਿਭਾਇਆ ਗਿਆ ਹੈ ਕਿ ਮੂੰਹੋਂ 'ਵਾਹ' ਹੀ ਨਿਕਲਦੀ ਹੈ।

●

**ਪੰਜਾਬੀ ਯੂਨੀਵਰਸਿਟੀ ਪਟਿਆਲਾ*

# ਪਾਇਲ : ਝਾਂਜਰਾਂ ਦੇ ਬੋਰ

*ਪ੍ਰੋ. ਨਰੇਸ਼ ਕੁਮਾਰ**

ਸੁਖਬੀਰ ਸਿੰਘ ਸੰਧੂ ਦੇ ਗ਼ਜ਼ਲ ਸੰਗ੍ਰਹਿ ਪਾਇਲ ਦਾ ਦੂਸਰਾ ਸੰਸਕਰਣ ਪ੍ਰਕਾਸ਼ਿਤ ਹੋ ਰਿਹਾ ਹੈ। ਇਹ ਗ਼ਜ਼ਲ ਸੰਗ੍ਰਹਿ ਪਹਿਲੀ ਵਾਰ 1973 ਈ. ਵਿਚ ਤੇ ਫਿਰ ਹੁਣ 53 ਵਰ੍ਹਿਆਂ ਬਾਅਦ 2026 ਈ. 'ਚ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਦੌਰਾਨ ਉਸ ਦੀ ਗ਼ਜ਼ਲ

*"ਉਸ ਬੇ-ਵਫਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।*
*ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।"*

ਨੂੰ ਨੁਸਰਤ ਫਤਿਹ ਅਲੀ ਖਾਂ ਸਮੇਤ ਕਈ ਪਾਕਿਸਤਾਨੀ ਗਾਇਕਾਂ ਨੇ ਗਾਇਆ ਹੈ ਪਰ ਇਹ ਗ਼ਜ਼ਲਗੋ ਪੰਜਾਬੀ ਚਿੰਤਨ ਜਗਤ ਵਿਚ ਅਣਗੌਲਿਆ ਹੀ ਰਿਹਾ।

ਇਤਿਹਾਸ ਦੇ ਪੰਨਿਆਂ 'ਚ ਗੁਆਚੇ ਜਾਂ ਅਣਗੌਲੇ ਸ਼ਾਇਰਾਂ ਨੂੰ ਲੱਭਣ ਤੇ ਉਸਦੇ ਗ਼ਜ਼ਲ ਸੰਗ੍ਰਹਿ ਦੇ ਸੰਪਾਦਨ ਦਾ ਕਾਰਜ ਗੁਰਭਜਨ ਗਿੱਲ ਹੁਰਾਂ ਦੇ ਹੀ ਹਿੱਸੇ ਆਇਆ ਹੈ। ਉਹ ਪੰਜਾਬੀ ਦਾ ਬਹੁ-ਵਿਧਾਵਾਂ ਵਿਚ ਲਿਖਣ ਵਾਲਾ ਸ਼ਾਇਰ ਹੀ ਨਹੀਂ ਪੰਜਾਬ ਦਾ ਮੌਖਿਕ ਇਤਿਹਾਸਕਾਰ ਵੀ ਹੈ। ਉਸ ਦੇ ਮੁਹੱਬਤੀ ਰਿਸ਼ਤੇ ਪੰਜਾਬ ਦੇ ਪਿੰਡਾਂ ਤੋਂ ਸ਼ੁਰੂ ਹੁੰਦੇ ਹਨ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਫ਼ੈਲ ਜਾਂਦੇ ਹਨ। ਉਸ ਦੇ ਰਿਸ਼ਤੇ ਉਸ ਦੇ ਗਿਆਨ ਦਾ ਆਧਾਰ ਹਨ। ਏਸੇ ਮੁਹੱਬਤੀ ਰਿਸ਼ਤਿਆਂ ਕਾਰਨ ਹੀ ਉਹ ਅਣਗੌਲੇ ਗ਼ਜ਼ਲਗੋ ਸੁਖਬੀਰ ਸਿੰਘ ਸੰਧੂ ਨੂੰ ਵੀ ਲੱਭ ਲੈਂਦਾ ਹੈ। ਉਹ ਸੁਖਬੀਰ ਸਿੰਘ ਸੰਧੂ ਦੇ ਜੀਵਨਗਤ ਵੇਰਵੇ ਵੀ ਭਾਲ ਕੇ ਦਰਜ਼ ਕਰਦਾ ਹੈ। ਸੁਖਬੀਰ ਸੰਧੂ ਦੀ ਗ਼ਜ਼ਲ ਰਵਾਇਤੀ ਰੰਗਾਂ ਸਮੇਤ ਜ਼ਿੰਦਗੀ, ਸਮਾਜ ਅਤੇ ਪ੍ਰਵ੍ਰਿਤੀ ਦੇ ਕਈ ਰੰਗਾਂ ਨੂੰ ਆਪਣੇ ਕਲਾਵੇ ਵਿਚ ਲਈ ਬੈਠੀ ਹੈ। ਉਹ ਆਪ ਸੁਰੀਲਾ ਸ਼ਾਇਰ ਸੀ ਜਿਸ ਕਾਰਨ ਸੁਰ, ਲੈਅ ਤੇ ਸੰਗੀਤ ਉਸ ਦੀਆਂ ਗ਼ਜ਼ਲਾਂ ਦੀ ਰੂਹ ਵਿਚ ਵਸਿਆ ਹੈ। ਉਸ ਦੀ ਰਚਨਾ ਦਾ ਅਧਿਐਨ ਕਰਦਿਆ ਹਰ ਅਧਿਏਤਾ ਆਪ ਵੀ ਤਰੰਗਿਤ ਹੋ ਉੱਠਦਾ ਹੈ। ਅਜਿਹੀ ਰਚਨਾ ਨੂੰ ਪੁਨਰ ਪਾਠਕਾਂ ਜਾਂ ਪੰਜਾਬੀ

*ਮੁਖੀ, ਪੰਜਾਬੀ ਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ*

ਚਿੰਤਨ ਜਗਤ ਦੇ ਸਨਮੁਖ ਪੇਸ਼ ਕਰਨਾ ਕਾਬਿਲੇ ਤਰੀਫ ਹੈ। ਜਿਵੇਂ ਕਿ ਪਹਿਲਾਂ ਕਿਹਾ ਹੈ ਕਿ ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ ਰਵਾਇਤੀ ਰੰਗਾਂ ਤੋਂ ਲੈਕੇ ਨਵੀਨ ਚੇਤਨਾ ਤਕ ਦੀ ਪੇਸ਼ਕਾਰੀ ਹੈ। ਜਿਵੇਂ:

*ਚਮਨ ਹੈ, ਜਾਂ ਕੋਈ ਵੀਰਾਨਾ ਹੈ।*
*ਸਾਰੀ ਦੁਨੀਆਂ ਸ਼ਰਾਬ-ਖ਼ਾਨਾ ਹੈ।*

●

*ਉਦੋਂ ਅੰਬਰ ਸੁਰਾਹੀ ਬਣ ਜਾਵੇ,*
*ਧਰਤ ਬਣਦੀ ਜਦੋਂ ਪੈਮਾਨਾ ਹੈ।*

●

*ਐਂਵੇ ਨਹੀਂ ਨਾ-ਮੁਰਾਦ ਦਿਲ ਹੱਥੋਂ ਨਿਕਲ ਗਿਆ।*
*ਆਇਆ ਹਜ਼ਾਰ ਵਾਰ ਹੈ, ਹਰ ਸ਼ੈ ਹੁਸੀਨ ਤੇ।*

ਸੁਖਬੀਰ ਸਿੰਘ ਸੰਧੂ ਨੇ ਆਪਣੇ ਪਰਵਾਸੀ ਤੇ ਅਵਾਸੀ ਜੀਵਨ ਨੂੰ ਵੀ ਗ਼ਜ਼ਲਾਂ ਵਿਚ ਪੇਸ਼ ਕੀਤਾ ਹੈ। ਪਰਵਾਸੀ ਜੀਵਨ ਉਸ ਲਈ ਵੀ ਓਸੇ ਹੀ ਤਰ੍ਹਾਂ ਦਾ ਹੈ ਜਿਸ ਤਰਾਂ ਦਾ ਉਸ ਦੇ ਪਰਵਾਸੀ ਸਮਕਾਲੀਆਂ ਲਈ ਸੀ। ਉਸ ਸਮੇਂ ਦੀਆਂ ਸਥਿਤੀਆਂ ਕਾਰਨ ਇਹ ਲੋਕ ਭੂ-ਹੇਰਵੇ ਕਾਰਨ ਮਾਨਸਿਕ ਸੰਤਾਪ ਦਾ ਸ਼ਿਕਾਰ ਹੁੰਦੇ ਹੁੰਦੇ ਹਨ। ਸੁਖਬੀਰ ਦੀਆਂ ਕੁਝ ਗ਼ਜ਼ਲਾਂ ਵੀ ਏਸੇ ਪ੍ਰਵਿਰਤੀ ਦੀਆਂ ਧਾਰਨੀ ਹਨ :

*ਪੂਰਬ ਨੂੰ ਸੌਂਪ ਕੇ ਦਿਲ, ਪੱਛਮ ਨੂੰ ਆ ਗਿਆ ਹਾਂ,*
*ਬਣਦੀ ਹੈ ਕਿਸ ਜਗ੍ਹਾ ਤੇ ਸਾਡੀ ਕਬਰ ਵੀ ਦੇਖੋ।*

●

*ਪੱਛਮ ਦੀਆਂ ਹਵਾਵਾਂ ਸਾਨੂੰ ਨਾ ਰਾਸ ਆਈਆਂ।*
*ਆਪਣਾ ਬਣਾ ਕੇ ਵੀ ਜੋ ਖ਼ੁਦ ਰਹਿੰਦੀਆਂ ਪਰਾਈਆਂ।*

ਮੈਨੂੰ ਇੰਝ ਪ੍ਰਤੀਤ ਹੋ ਰਿਹਾ ਏ ਕਿ ਜਿਵੇਂ ਸੁਖਬੀਰ ਸਿੰਘ ਸੰਧੂ ਜ਼ਿੰਦਗੀ ਦੀ ਝਾਂਜਰ ਦੇ ਖਿੱਲਰੇ ਬੋਰ **"ਪਾਇਲ"** ਗ਼ਜ਼ਲ ਸੰਗ੍ਰਹਿ ਵਿਚ ਇਕੱਠੇ ਕਰਨਾ ਚਾਹੁੰਦਾ ਸੀ ਤੇ ਉਹ 'ਪਾਇਲ' ਦੇ ਪੁਨਰ ਪ੍ਰਕਾਸ਼ਨ ਨਾਲ ਗੁਰਭਜਨ ਗਿੱਲ ਨੇ ਕਰ ਦਿੱਤੇ ਹਨ। ਹੁਣ ਪੰਜਾਬੀ ਚਿੰਤਨ ਜਗਤ ਦਾ ਵੀ ਫ਼ਰਜ਼ ਬਣਦਾ ਹੈ ਕਿ ਸੁਖਬੀਰ ਸਿੰਘ ਸੰਧੂ ਦੇ ਕਲਾਮ ਨੂੰ ਸੰਭਾਲਿਆ ਵੀ ਜਾਵੇ ਤੇ ਫਿਰ ਆਪਣਿਆਂ ਚੇਤਿਆ ਵਿਚੋਂ ਖ਼ਾਰਜ ਨਾ ਹੋਣ ਦਿੱਤਾ ਜਾਵੇ।

●

# ਪਾਇਲ ਦੀ ਛਣਕਾਰ ਸੁਣੋ

*ਕੁਲਵਿੰਦਰ ਸਿੰਘ ਬਾਠ (ਡਾ.)**

ਭੁੱਲੇ-ਵਿੱਸਰੇ ਅਨਮੋਲ ਹੀਰੇ 'ਸੁਖਬੀਰ ਸਿੰਘ ਸੰਧੂ' ਦੀ ਸ਼ਾਹਕਾਰ ਸਿਰਜਣਾ ਹੈ, 'ਪਾਇਲ'!

*ਰਾਤ ਨੇ ਪ੍ਰਭਾਤ ਦਾ ਸੰਧੂਰ ਸਿਰ ਵਿੱਚ ਧੂੜ ਕੇ,*
*ਇੱਕ ਨਵਾਂ ਦਿਨ ਹੋਰ ਦਿੱਤਾ ਹੈ ਸਜਾ ਮੇਰੇ ਲਈ।*

ਪ੍ਰਭਾਤ ਦੀ ਲਾਲੀ ਵਾਂਗ ਸੱਜਰੀਆਂ ਅਤੇ ਪਿਆਰੀਆਂ ਸਤਰਾਂ ਨੂੰ ਪੜ੍ਹ ਕੇ ਕੋਈ ਵੀ ਸਾਹਿਤ ਪ੍ਰੇਮੀ ਇਸ ਦੇ ਲੇਖਕ ਅਤੇ ਇਸ ਸਾਹਿਤਕ ਜ਼ਖ਼ੀਰੇ ਬਾਰੇ ਜਾਣਨ ਲਈ ਜ਼ਰੂਰ ਸੋਚੇਗਾ!

ਚਲੋ, ਜੇ ਨਹੀਂ ਤਾਂ ਕਦੇ ਨਾ ਕਦੇ ਸ਼ਾਇਦ ਇਹ ਸਤਰਾਂ ਵੀ ਤੁਹਾਡੇ ਕੰਨੀਂ ਪਈਆਂ ਹੋਣ।

*ਉਸ ਬੇ-ਵਫ਼ਾ ਦੀ ਯਾਦ ਵਿੱਚ, ਰੋਇਆ ਕਰਾਂ ਕਿ ਨਾ।*
*ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।*

ਪੰਜਾਬੀ ਸਾਹਿਤ ਦਾ ਇਹ 'ਖ਼ਜ਼ਾਨਾ' ਜੋ ਹੋਰਨਾਂ ਨੇ ਆਪਣਾ ਕਹਿ-ਕਹਿ, ਆਪਣਾ ਬਣਾ ਬਣਾ ਕੇ ਅਤੇ ਝੂਠ ਬੋਲ ਬੋਲ ਕੇ ਸਾਡਾ ਘਰ ਲੁੱਟਿਆ ਤੇ ਉਹੀ ਖ਼ਜ਼ਾਨਾ ਜੋ ਆਪਣਿਆਂ ਨੇ ਜਾਣਿਆ, ਨਾ ਪਛਾਣਿਆ ਤੇ ਨਾ ਹੀ ਸੰਭਾਲਿਆ! ਗਲਤੀ ਕਿੱਥੇ ਤੇ ਕਿਸ ਦੀ ਹੋਈ? ਇਹ ਇੱਕ ਗੰਭੀਰ ਸਵਾਲ ਹੈ, ਜਿਸ ਦਾ ਜਵਾਬ ਵੀ ਗੰਭੀਰਤਾ ਨਾਲ ਵਿਚਾਰਨਯੋਗ ਹੈ। ਪਰ 'ਖੁੱਲ੍ਹ-ਦਿਲੇ' ਪੰਜਾਬੀਆਂ ਲਈ ਬਹੁਤੀ ਵਾਰੀ ਇਹੋ ਜਿਹੇ ਸਵਾਲ ਚਿੰਤਾ ਦਾ ਵਿਸ਼ਾ ਹੀ ਨਹੀਂ ਬਣ ਪਾਉਂਦੇ! ਚਿੰਤਨ, ਚੇਤਨਾ ਜਾਂ ਚੇਤੰਨ ਹੋਣ ਦੀ ਗੱਲ ਤਾਂ ਕੋਹਾਂ ਦੂਰ ਦੀ।

ਗੁਰਭਜਨ ਗਿੱਲ ਸਾਹਿਤ ਦੇ ਅਨਮੋਲ ਖ਼ਜ਼ਾਨਿਆਂ ਦੀ ਨਿਸ਼ਾਨਦੇਹੀ ਕਰਦਾ ਰਹਿੰਦਾ ਹੈ। ਕਦੇ ਨਾ ਕਦੇ ਖੁੱਲ੍ਹਣ ਦੀ ਆਸ ਅਤੇ ਉਡੀਕ ਵਿੱਚ ਤਰਸਦੇ ਬੰਦ ਬੂਹਿਆਂ ਨੂੰ ਖੋਲ੍ਹਦਾ ਹੈ। ਕਈ ਹੋਰ ਗੱਲਾਂ ਸਮੇਤ ਮੈਨੂੰ ਉਹਦੀ

---

**ਕੈਲੀਫ਼ੋਰਨੀਆ, ਯੂ.ਐਸ.ਏ.*

ਇਹ ਖ਼ਾਸੀਅਤ ਕਾਇਲ ਕਰ ਜਾਂਦੀ ਹੈ। ਇੱਕ ਹੋਰ ਗੱਲ ਜੋ ਦੂਸਰੀਆਂ ਗੱਲਾਂ 'ਤੇ ਅਕਸਰ ਭਾਰੂ ਪੈ ਜਾਂਦੀ ਹੈ ਉਹ ਹੈ ਉਸ ਦੇ ਮਨ ਵਿੱਚ ਅਸਲੋਂ ਮਹਾਨ ਅਤੇ ਅਣਗੌਲੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਗੁਣਗੁਣਾਉਣਾ, ਰੂਹ ਨਾਲ ਸਰਾਹੁਣਾ ਅਤੇ ਕਿਸੇ ਨਾ ਕਿਸੇ ਤਰ੍ਹਾਂ ਪਾਠਕਾਂ ਦੇ ਰੂਬਰੂ ਕਰਨਾ। ਉਨ੍ਹਾਂ ਦੀ ਸੱਜਰੀ ਸੰਪਾਦਿਤ ਪੁਸਤਕ "**ਪਾਇਲ**" ਵੀ ਇਸੀ ਕੋਸ਼ਿਸ਼ ਦਾ ਨਤੀਜਾ ਹੈ।

ਸ਼ਿਵ ਕੁਮਾਰ ਬਟਾਲਵੀ ਦਾ ਸਮਕਾਲੀ ਹੈ ਸੁਖਬੀਰ ਸਿੰਘ ਸੰਧੂ। ਉਹ ਗ਼ਜ਼ਲਾਂ ਨੂੰ ਗਾਉਂਦਾ ਵੀ ਸੁਰ-ਤਾਲ ਵਿੱਚ ਅਤੇ ਰੂਹ ਦੀਆਂ ਗਹਿਰਾਈਆਂ ਵਿੱਚੋਂ ਵੀ ਉਸ ਵਿੱਚ ਸੁਰੀਲਾਪਨ ਵੀ ਸੀ। ਉਸ ਦੀ ਕਵਿਤਾ ਅਤੇ ਗ਼ਜ਼ਲ ਤਾਂ ਫੁੱਟਦੀ ਜਵਾਨੀ ਵਿੱਚ ਹੀ ਪੁੰਗਰ ਪਈ ਸੀ। "**ਪਾਇਲ**" ਉਸ ਦੇ ਜਵਾਨੀ ਵੇਲੇ ਦੇ ਵੀਹ ਕੁ ਵਰ੍ਹਿਆਂ ਦੇ ਵਿਭਿੰਨ ਅਨੁਭਵਾਂ, ਅਹਿਸਾਸਾਂ ਅਤੇ ਖ਼ਿਆਲਾਂ ਦਾ ਸ਼ਬਦੀ ਰੂਪਾਂਤਰ ਹੈ, ਜਿੰਨ੍ਹਾਂ ਦੀਆਂ ਜੜ੍ਹਾਂ ਗਰੀਬੀ-ਅਮੀਰੀ, ਮੁਹੱਬਤ-ਨਫ਼ਰਤ, ਮਾਲਕੀ-ਮਜ਼ਦੂਰੀ, ਸੰਘਰਸ਼ ਅਤੇ ਦੇਸ-ਪਰਦੇਸ ਦੇ ਜੀਵਨ ਨਾਲ ਜਾ ਜੁੜਦੀਆਂ ਹਨ।

ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਉਸ ਦੇ ਮਨ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀਆਂ ਹਨ, ਅਤੇ ਉਸ ਦੇ ਜਜ਼ਬਿਆਂ ਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਇਸ ਪੁਸਤਕ ਦੀ ਪਹਿਲੀ ਗ਼ਜ਼ਲ ਵਿੱਚੋਂ ਹੀ ਝਲਕਣਾ ਸ਼ੁਰੂ ਹੋ ਜਾਂਦਾ ਹੈ।

*ਮਾਰੀ ਉਨ੍ਹਾਂ ਨੇ ਚੋਟ ਹੈ ਸਾਡੇ ਯਕੀਨ ਤੇ।*
*ਪੰਛੀ ਢਹੂ ਗ਼ਰੂਰ ਦਾ ਇੱਕ ਦਿਨ ਜ਼ਮੀਨ ਤੇ।*

●

*ਖ਼ਤ ਦੇ ਕੇ ਹੱਥ ਰਕੀਬ ਦੇ ਕਾਸਦ ਕਿਉਂ ਰੋ ਪਿਐ,*
*ਸ਼ਾਇਦ ਉਹ ਵੀ ਉਦਾਸ ਹੈ ਸਾਡੀ ਤੌਹੀਨ ਤੇ।*

ਪੁਸਤਕ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਪਾਠਕ ਸੁਖਬੀਰ ਸਿੰਘ ਸੰਧੂ ਦੀ ਸ਼ਾਇਰੀ ਦਾ ਕਾਇਲ ਹੁੰਦਾ ਜਾਂਦਾ ਹੈ। ਇਸ ਗੱਲ ਦੀ ਸਮਝ ਵੀ ਪੈਂਦੀ ਹੈ ਕਿ ਕਿਉਂ ਨਾਮੀ ਗਾਇਕਾਂ ਨੇ ਇਸ ਨੂੰ ਗਾਇਆ, ਚੁਰਾਇਆ ਜਾਂ ਆਪਣਾ ਬਣਾ ਕੇ ਨਾਮ ਚਮਕਾਇਆ।

ਸੁਖਬੀਰ ਸਿੰਘ ਸੰਧੂ ਲਿਖਦਾ ਹੈ:

*ਜੋ ਪਲਕਾਂ ਹੇਠ ਬਿਠਾਉਂਦਾ ਰਿਹਾ, ਉਹ ਨੈਣ ਚੁਰਾਵੇ ਪਲ਼ ਪਲ਼ ਤੇ।*
*ਕੀ ਹੁੰਦਾ ਜਾਵੇ ਉਨ੍ਹਾਂ ਨੂੰ, ਸਾਨੂੰ ਸਮਝ ਨਾ ਆਵੇ ਪਲ਼ ਪਲ਼ ਤੇ।*

●

*ਅਸੀਂ ਗੰਗਾ ਜਾ ਕੇ ਕੀ ਲੈਣਾ ਅਸੀਂ ਜਮਨਾ ਨ੍ਹਾ ਕੇ ਕੀ ਲੈਣਾ,*
*ਜਦ ਹੜ੍ਹ ਅੱਖੀਆਂ ਵਿੱਚ ਹੰਝੂਆਂ ਦਾ, ਸਾਨੂੰ ਆਣ ਨੁਹਾਵੇ ਪਲ਼ ਪਲ਼ ਤੇ।*

ਸੁਖਬੀਰ ਦੀ ਸ਼ਾਇਰੀ ਭਾਵਨਾਵਾਂ ਅਤੇ ਸੰਵੇਦਨਸ਼ੀਲਤਾ ਦਾ ਸੁਹਜਮਈ ਸੰਗਮ ਹੈ। ਜਿੱਥੇ ਮੋਹ ਮੁਹੱਬਤਾਂ ਦਾ ਰਾਗ ਅਲਾਪਦਾ ਹੈ, ਉੱਥੇ ਹੀ ਇਨਕਲਾਬ, ਸ਼ਹੀਦੀਆਂ ਅਤੇ ਲਾਸਾਨੀ ਕੁਰਬਾਨੀਆਂ ਦੀ ਤਾਰ ਛੇੜਨੀ ਵੀ ਨਹੀਂ ਭੁੱਲਦਾ।

*ਬੇ-ਆਸ ਨਿਕਲੀ ਜਦੋਂ ਹਰ ਇੱਕ ਦਵਾ ਮੇਰੇ ਲਈ।*
*ਰਾਸ ਆਈ ਤੇਰੇ ਪੱਲੂ ਦੀ ਹਵਾ ਮੇਰੇ ਲਈ।*

●

*ਹਰਦਾ ਹੀ ਜਾ ਰਿਹਾ ਹੈ ਹਰ ਕਦਮ ਤੇ ਹਨ੍ਹੇਰਾ,*
*ਕਰਦਾ ਏ ਵਾਰ ਚਾਨਣ ਐਸੇ ਸੰਭਲ਼ ਸੰਭਲ਼ ਕੇ।*

●

ਸ਼ਹੀਦਾਂ ਦੀ ਜਦ ਵੀ ਕਿਸੇ ਗੱਲ ਛੇੜੀ,
ਨਾ ਰੁਕ ਸਕੇ ਹੰਝੂ, ਨਾ ਦਿਲ ਗਏ ਸੰਭਾਲ਼ੇ।

ਪਰਵਾਸ ਦੀ ਦੋਹਰੀ ਜ਼ਿੰਦਗੀ ਜਿਉਣ ਦੀ ਤ੍ਰਾਸਦੀ ਨੂੰ ਪਰਵਾਸੀ ਖ਼ੁਦ-ਬ-ਖ਼ੁਦ ਜਾਣਦੇ ਅਤੇ ਮਹਿਸੂਸ ਕਰਦੇ ਹਨ। ਇਸ ਦਰਦ ਨੂੰ ਸੁਖਬੀਰ ਸਿੰਘ ਸੰਧੂ ਨੇ ਬਾਖ਼ੂਬੀ ਬਿਆਨ ਕੀਤਾ ਹੈ।

ਪੂਰਬ ਨੂੰ ਸੌਂਪ ਕੇ ਦਿਲ, ਪੱਛਮ ਨੂੰ ਆ ਗਿਆ ਹਾਂ,
ਬਣਦੀ ਹੈ ਕਿਸ ਜਗ੍ਹਾ ਤੇ ਸਾਡੀ ਕਬਰ ਵੀ ਦੇਖੋ।

●

*ਪੱਛਮ ਦੀਆਂ ਹਵਾਵਾਂ, ਸਾਨੂੰ ਨਾ ਰਾਸ ਆਈਆਂ।*
*ਆਪਣਾ ਬਣਾ ਕੇ ਵੀ ਜੋ, ਖ਼ੁਦ ਰਹਿੰਦੀਆਂ ਪਰਾਈਆਂ।*

●

*ਉਨਾਂ ਦੀ ਕਦਰ ਕੀਮਤ ਪਾ ਸਕਦੀਆਂ ਨੇ ਕੀ ਇਹ,*
*ਸੱਜਣਾਂ ਤੋਂ ਦੂਰ ਆ ਕੇ ਸਹਿੰਦੇ ਹਾਂ ਜੋ ਜੁਦਾਈਆਂ।*

ਮਹਿਜ਼ ਤਿੰਨ ਅੱਖਰਾਂ ਦਾ ਛੋਟਾ ਜਿਹਾ ਸ਼ਬਦ 'ਜ਼ਿੰਦਗੀ' ਆਪਣੇ ਅੰਦਰ ਬੜੇ ਗਹਿਰੇ ਰਾਜ਼ ਸਮੋਈ ਬੈਠਾ ਹੈ। ਜ਼ਿੰਦਗੀ ਦੇ ਈਮਾਨ ਅਤੇ ਰਾਜ਼ ਬਾਰੇ ਬਹੁਤ ਦਿਲਚਸਪ ਲਫ਼ਜ਼ ਪਰੋਏ ਨੇ ਸੁਖਬੀਰ ਸੰਧੂ ਨੇ।

*ਦੁੱਖ ਸੁਖ, ਖੁਸ਼ੀ ਗ਼ਮੀ ਦੀ ਹੈ ਧੁੱਪ ਛਾਂ ਜਿਹੀ ਖੇਡ ਇਹ ,*
*ਹੰਝੂ ਕਦੀ ਤੇ ਹੈ ਕਦੀ ਮੁਸਕਾਨ ਜ਼ਿੰਦਗੀ।*

●

*ਇੱਕ ਦਿਨ ਘਰ ਤੋਂ ਖੋਲ਼ੇ ਬਣ ਕੇ ਰਹਿ ਜਾਵਣ,*
*ਜੋ ਕੰਧਾਂ ਨਾ ਝੱਲਣ ਬੋਝ ਸ਼ਤੀਰਾਂ ਦੇ।*

●

*ਮਿਹਨਤ ਦੀ ਇਕ ਰੇਖ ਤਲੀ ਤੇ ਕਾਫ਼ੀ ਏ,*
*ਕੀ ਕਰਨੇ ਨੇ ਬਹੁਤੇ ਜਾਲ਼ ਲਕੀਰਾਂ ਦੇ।*

ਅੰਨ੍ਹੀ ਨਫ਼ਰਤ, ਡਿੱਗਦੇ ਬੰਬਾਂ ਦੀ ਬਰਬਾਦੀ ਅਤੇ ਮਨੁੱਖਤਾ ਦੇ ਜਿਸ ਘਾਣ ਦੀ ਗੱਲ ਸੁਖਬੀਰ ਸੰਧੂ ਅੱਧੀ ਸਦੀ ਪਹਿਲਾਂ ਕਰ ਗਿਆ, ਉਹ ਅਮਰ ਵੇਲ ਬਣ ਕੇ ਅੱਜ ਵੀ ਵਧ ਫੁੱਲ ਰਹੀ ਹੈ।

*ਮਾਂ ਧਰਤੀ ਦੀ ਹਿੱਕ ਤੇ ਕਿਧਰੇ ਬੰਬਾਂ ਦੀ ਬਰਸਾਤ ਹੈ ਹੋਈ।*
*ਖ਼ੂਨ ਮਨੁੱਖਤਾ ਦਾ ਕਿਤੇ ਹੋਇਆ, ਰੱਤ ਕਿਤੇ ਇਨਸਾਨ ਦੀ ਚੋਈ।*

ਇਸ ਗ਼ਜ਼ਲ ਸੰਗ੍ਰਹਿ ਦੀ ਆਖ਼ਰੀ ਗ਼ਜ਼ਲ ਦੇ ਲਫ਼ਜ਼ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਗਏ।

*ਦੱਸ ਕੇ ਨਵਾਂ ਹੀ ਰਾਹ ਤੇ 'ਆਹ' ਭਰ ਕੇ ਤੁਰ ਗਏ,*
*ਪੁੱਛੇ ਜਿੰਨ੍ਹਾਂ ਨੂੰ ਮੈਂ ਪਤੇ ਤੇਰੇ ਮਕਾਨ ਦੇ।*

●

*ਗ਼ਮ ਵੀ ਖੁਸ਼ੀ ਸਮਾਨ ਹੈ, ਸਾਨੂੰ ਜੋ ਦੇ ਗਿਐ,*
*ਸ਼ਾਇਦ ਇਹੋ ਹੀ ਕੌਲ ਸੀ ਉਸ ਮਿਹਰਬਾਨ ਦੇ।*

ਦੋਸਤੋ, ਪੰਜਾਬੀ ਸਾਹਿਤ ਦਾ ਅਨਮੋਲ ਹੀਰਾ ਸੁਖਬੀਰ ਸਿੰਘ ਸੰਧੂ ਅਤੇ ਉਸ ਦੀ ਖ਼ੂਬਸੂਰਤ ਸ਼ਾਇਰੀ ਭਾਵੇਂ ਅੱਧੀ ਸਦੀ ਤੱਕ ਸਮੇਂ ਦੀਆਂ ਧੂੜਾਂ ਵਿੱਚ ਗਾਇਬ ਰਹੀ, ਪਰ ਸੱਚ ਇਹ ਵੀ ਹੈ ਕਿ ਸ਼ਬਦ ਕਦੇ ਮਰਦੇ ਨਹੀਂ। ਨਾ ਹੀ ਸੁਖ਼ਨਵਰ।

●

# ਸਹਿਜਭਾਵੀ ਬੋਲਾਂ ਦੀ ਮੁਹੱਬਤੀ ਸ਼ਾਇਰੀ

*ਕ੍ਰਿਸ਼ਨ ਸਿੰਘ**

ਸੁਖਬੀਰ ਸਿੰਘ ਸੰਧੂ ਆਪਣੇ ਇਸ ਹਥਲੇ ਗ਼ਜ਼ਲ ਸੰਗ੍ਰਹਿ "ਪਾਇਲ" ਵਿੱਚ ਜ਼ਿੰਦਗੀ ਦੀ ਇਸੇ ਸਾਹਿਤਕ ਹਕੀਕਤ ਦਾ ਮੁੱਦਈ/ਮੁਜੱਸਮਾ ਹੈ। ਉਸ ਦੀ ਸਿਰਜਣਸ਼ੀਲਤਾ ਦੀ ਖ਼ਾਸੀਅਤ ਇਹ ਹੈ ਕਿ ਉਹ ਸਮੇਂ - ਸਥਾਨ ਦੀਆਂ ਸੀਮਾਵਾਂ/ਹੱਦਬੰਦੀਆਂ ਦੀ ਵਲਗਣ ਤੋਂ ਬਾਹਰ ਹੈ। ਉਸ ਦੀ ਮਨਸ਼ਾ ਕੇਵਲ ਤੇ ਕੇਵਲ ਮਨੁੱਖਤਾ ਦੇ ਸਹੀ ਪਛਾਣ-ਚਿੰਨ੍ਹਾਂ ਭਾਵ ਜ਼ਿੰਦਗੀ ਦੇ ਸੁਹਜ ਨੂੰ ਪਛਾਣਨ/ਸਮਝਣ, ਮਾਨਣ ਦੀ ਹੈ। ਇਨ੍ਹਾਂ ਕੁਝ ਵਿਸ਼ੇਸ਼ ਪਹਿਲੂਆਂ ਬਾਰੇ ਸੰਖੇਪ ਵਿਚਾਰ ਕਰਨਾ ਹੀ ਇਥੇ ਸਾਡਾ ਮਨੋਰਥ ਹੈ ਤਾਂ ਕਿ ਸਾਡੇ ਅਜੋਕੇ ਪਾਠਕਾਂ ਦੀ ਦ੍ਰਿਸ਼ਟੀ ਮੁਤਾਬਿਕ ਸੰਧੂ-ਕਾਵਿ ਦੀ ਸਹੀ ਪ੍ਰਾਸੰਗਿਕ ਵਿਆਖਿਆ ਹੋ ਸਕੇ; ਉਹਨਾਂ ਦੀ ਕਾਵਿ ਸਿਰਜਣ - ਪ੍ਰਕਿਰਿਆ ਦੇ ਅਜੋਕੇ ਸੰਦਰਭ ਨੂੰ ਵੀ ਸਮਝਿਆ ਜਾ ਸਕੇ। ਮੇਰੀ ਜਾਚੇ,ਕਿਸੇ ਵੀ ਰਚਨਾ ਨਾਲ ਅਜਿਹਾ ਸਾਹਿਤਕ ਨਿਆਂ ਹੋਣਾ ਜ਼ਰੂਰੀ ਨਹੀਂ, ਸਗੋਂ ਲਾਜ਼ਮੀ ਹੈ।

ਸੁਖਬੀਰ ਸਿੰਘ ਸੰਧੂ ਵਲੋਂ ਰਚਿਤ ਇਸ ਸਮੁੱਚੇ ਗ਼ਜ਼ਲ ਸੰਗ੍ਰਹਿ ਦਾ ਅਧਿਐਨ ਕਰਨ ਤੋਂ ਬਾਅਦ ਪ੍ਰਤੀਤ ਹੁੰਦਾ ਹੈ ਕਿ ਸ਼ਾਇਰ ਕਾਵਿ - ਆਵੇਸ਼ ਦਾ ਆਪਮੁਹਾਰੇ ਫੁੱਟਿਆ ਚਸ਼ਮਾ ਹੀ ਨਹੀਂ, ਬਜ਼ਾਤੇ ਖ਼ੁਦ ਉਹ ਇਨਸਾਨੀ - ਮੁਹੱਬਤ ਦਾ ਨਿਰੰਤਰ ਵਗਦਾ ਦਰਿਆ ਵੀ ਹੈ। ਨਿਵੇਕਲੀ ਸ਼ਬਦਾਵਲੀ ਮਹਿਜ਼ ਸ਼ਬਦਾਂ ਦਾ ਸਾਧਾਰਨ ਜਾਂ ਗਿਣਿਆ - ਮਿਥਿਆ ਜਾਂ ਬਾਹਰਮੁਖੀ ਪ੍ਰਗਟਾਵਾ ਹੀ ਨਹੀਂ, ਸ਼ਾਇਰ ਵਲੋਂ ਜ਼ਿੰਦਗੀ ਦੀ ਹੱਡੀਂ ਹੰਢਾਈ ਹਕੀਕਤ ਵੀ ਹੈ। ਇਹੋ ਕਾਰਨ ਹੈ ਕਿ ਉਹ ਆਵੇਸ਼ ਦੇ ਪਲਾਂ ਨੂੰ ਸਥਿਰਤਾ ਵਜੋਂ ਜਾਂ ਦੁਹਰਾਓ ਕੇਂਦ੍ਰਿਤ ਨਹੀਂ ਕਰਦਾ ਸਗੋਂ ਪਿਆਰ/ਮੁਹੱਬਤ ਦੀਆਂ ਉਨ੍ਹਾਂ ਤੰਦਾਂ ਦੀ ਪੁਨਰਸੁਰਜੀਤੀ ਆਪਣੇ ਨਿਵੇਕਲੇ ਕਾਵਿਕ - ਅੰਦਾਜ਼ ਵਿੱਚ ਕਰਦਾ ਹੈ। ਨਤੀਜੇ ਵਜੋਂ ਇਨ੍ਹਾਂ ਦਾ ਗੂੜ੍ਹ ਅਧਿਐਨ ਕਰਨ ਸਮੇਂ,ਪਾਠਕ ਉਕਤਾਉਂਦਾ ਨਹੀਂ ਸਗੋਂ ਉਸ ਮੁਹੱਬਤੀ ਸਾਂਝ ਨੂੰ ਮਾਨਣ ਲਈ ਖ਼ੁਦ ਵੀ ਹਿੱਸੇਦਾਰ ਬਣਨ

---

**ਪ੍ਰਿੰਸੀਪਲ (ਰੀਟ. ਲੁਧਿਆਣਾ)*

ਦਾ ਮੌਕਾ ਲੋਚਦਾ ਹੈ। ਸਾਹਿਤਕਾਰੀ ਦਾ ਇਹ ਪਾਠਕਮੁਖੀ - ਗੁਣ ਸਾਹਿਤ ਦੀ ਸਦੀਵੀ ਚੇਤਨਾ ਦਾ ਪ੍ਰਤੀਕ ਹੁੰਦਾ ਹੈ; ਇਉਂ ਕੋਈ ਅਤਿਕਥਨੀ ਵਾਲੀ ਗੱਲ ਵੀ ਨਹੀਂ, ਸੰਧੂ - ਕਾਵਿ ਇਸ ਪੱਖੋਂ ਨਵੀਆਂ ਪੈੜਾਂ ਪਾਉਂਦਾ ਹੈ।

*ਉਨ੍ਹਾਂ ਰਸਤਿਆਂ ਤੋਂ ਹੀ ਮੰਜ਼ਿਲ ਹੈ ਸਾਡੀ,*
*ਜਿਨ੍ਹਾਂ ਤੇ ਕਦੇ ਹੋਸ਼ ਵਾਲੇ ਨਾ ਜਾਂਦੇ।*

●

*ਸੋਚਾਂ ਤਿਆਗ ਸੋਹਣੀ, ਜੇ ਨਾ ਝਨਾਂ 'ਚ ਠਿੱਲ੍ਹਦੀ,*
*ਹੁਣ ਤੀਕ ਯਾਦ ਕਰਦਾ ਕਿੰਜ ਫਿਰ ਜਹਾਨ ਸਾਰਾ।*

●

*ਸਵਰਗਾਂ 'ਚੋਂ ਨਿਕਲ ਆਵਣ ਦੇਵਤੇ,*
*ਕੋਈ ਐਸੀ ਮਹਿਫਿਲ ਜਮਾ ਸਾਕੀਆ।*

●

*ਜੰਨਤ 'ਚ ਖੜ੍ਹਣ ਦੇ ਲਈ ਨਾ ਫ਼ਰਿਸ਼ਤਿਓ ਸਤਾਓ,*
*ਓਥੇ ਮੈਂ ਤਦ ਹੀ ਜਾਣਾ ਜੇ ਉਹ ਯਾਰ ਦੀ ਗਲੀ ਏ।*

●

ਸ਼ਾਇਰ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਉਹ ਜ਼ਿੰਦਗੀ ਦੀਆਂ ਇਨ੍ਹਾਂ ਦੁਸ਼ਵਾਰੀਆਂ/ ਸਮੱਸਿਆਵਾਂ ਦੀ ਤਰਜ਼ਮਾਨੀ ਹੀ ਨਹੀਂ ਕਰਦਾ ਉਨ੍ਹਾਂ ਤੋਂ ਨਿਜ਼ਾਤ ਦਿਵਾਉਣ ਸੰਬੰਧੀ ਵੀ ਆਪਣੀ ਰਾਇ ਦਿੰਦਾ ਹੈ। ਇਸੇ ਕਾਰਨ ਮਨੁੱਖੀ ਜ਼ਿੰਦਗੀ ਨੂੰ ਪਰਿਭਾਸ਼ਤ ਕਰਦਿਆਂ ਉਹ ਕਰਮਸ਼ੀਲਤਾ ਅਤੇ ਸੰਘਰਸ਼ ਨੂੰ ਪਹਿਲ ਦਿੰਦਾ ਹੈ ਤਾਂ ਕਿ ਮਨੁੱਖ ਆਪਣੀਆਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਦਿਆਂ,ਆਪਣੀ ਹੋਂਦ ਅਤੇ ਅਸਤਿੱਤਵ ਦੀ ਨਿਰੰਤਰਤਾ ਦਾ ਹਾਮੀ ਬਣ ਸਕੇ :

*ਜਾਗੋ ! ਕਿ ਸਮਾਂ ਉੱਜਲੇ ਸੰਗਰਾਮ ਦਾ ਆਇਆ ਏ,*
*ਰਾਹਾਂ ਨੂੰ ਲਤਾੜੋ ਕਿ ਮੰਜ਼ਿਲ ਨੇ ਬੁਲਾਇਆ ਏ।*

●

*ਦੱਸਦਾ ਹੈ ਹਰ ਨਜ਼ਾਰਾ ਕਰਵਟ ਬਦਲ ਬਦਲ ਕੇ।*
*ਕੋਈ ਇਨਕਲਾਬ ਆਉਣਾ ਹੈ ਅੱਜ ਨਹੀਂ ਤਾਂ ਭਲਕੇ।*

●

*ਹਰਦਾ ਹੀ ਜਾ ਰਿਹਾ ਏ ਹਰ ਕਦਮ ਤੇ ਹਨ੍ਹੇਰਾ,*
*ਕਰਦਾ ਏ ਵਾਰ ਚਾਨਣ ਐਸੇ ਸੰਭਲ ਸੰਭਲ ਕੇ।*

●

ਸ਼ਾਇਰ ਮਾਨਵ ਵਿਰੋਧੀ ਕਦਰਾਂ ਕੀਮਤਾਂ ਤੋਂ ਪਾਸੇ ਹਟ ਕੇ ਜਾਂ ਬੇਦਾਗ਼/ ਬੇਲਾਗ ਹੋ ਕੇ ਜ਼ਿੰਦਗੀ ਦਾ ਸਹੀ ਮੁੱਲ ਪਵਾਉਣ ਦਾ ਅਭਿਲਾਖੀ ਹੈ :

*ਦੁਖ ਸੁਖ, ਖ਼ੁਸ਼ੀ ਗ਼ਮੀ ਦੀ ਹੈ ਧੁੱਪ ਛਾਂ ਜਿਹੀ ਖੇਡ ਇਹ,*
*ਹੰਝੂ ਕਦੀ ਤੇ ਹੈ, ਕਦੀ ਮੁਸਕਾਨ ਜ਼ਿੰਦਗੀ।*

ਸੁਖਬੀਰ ਸਿੰਘ ਸੰਧੂ - ਕਾਵਿ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਹ ਆਪਣੇ ਆਤਮਵਿਸ਼ਵਾਸ ਦੇ ਆਧਾਰ 'ਤੇ ਜੀਵਨ - ਸੁਹਜ ਨੂੰ ਐਨਾ ਮਹੱਤਵ ਦਿੰਦਾ ਹੈ, ਮਨੁੱਖ ਦੀਆਂ ਕਰਤਾਰੀ/ ਕਿਰਦਾਰੀ ਸ਼ਕਤੀਆਂ ਅੱਗੇ ਮੌਤ ਵੀ ਖ਼ੂਬਸੂਰਤ ਦਿਸਣ ਲੱਗ ਪੈਂਦੀ ਹੈ :

*ਨੱਚ ਉੱਠਦਾ ਹੈ ਮੇਰਾ ਦਿਲ ਹਰ ਕਿਸੇ ਨੂੰ ਵੇਖ ਕੇ,*
*ਇੱਕ ਨੇ ਮੰਦਰ, ਮਸੀਤਾਂ, ਮੈ - ਅਕਦਾ ਮੇਰੇ ਲਈ।*

●

*ਦਿਲ ਵਿੱਚ ਮਿਲਣ ਦੀ ਆਸ ਲੈ ਅੱਜ ਤੁਰ ਪਿਆ ਹਾਂ ਮੈਂ,*
*ਹੇ ਵਕਤ ਆਪਣੀ ਕੈਦ ਵਿੱਚ ਮੈਨੂੰ ਨਾ ਭਾਲਣਾ।*

●

ਸੁਖਬੀਰ ਸਿੰਘ ਸੰਧੂ ਬਤੌਰ ਸ਼ਾਇਰ ਕੇਵਲ ਮੁਹਬੱਤ ਦੀਆਂ ਬਾਤਾਂ ਨਹੀਂ ਪਾਉਂਦਾ, ਮਨੁੱਖੀ ਜ਼ਿੰਦਗੀ ਦੇ ਅੰਤਰੀਵੀ / ਅੰਤਰਮੁਖੀ ਸੁਭਾਅ ਸਰੂਪ ਦੀ ਵੀ ਧੁਰ ਅੰਦਰੋਂ ਵਿਆਖਿਆ ਕਰਦਾ ਹੈ। (ਇਹ ਕੋਈ ਅਤਿਕਥਨੀ ਨਹੀਂ ਕਿ ਉਸ ਵਲੋਂ ਛੇੜੀਆਂ ਮੁਹਬੱਤ ਦੀਆਂ ਤਰੰਗਾਂ ਇਸ ਗ਼ਜ਼ਲ ਸੰਗ੍ਰਹਿ ਦੇ ਆਰ ਪਾਰ ਫ਼ੈਲੀਆਂ ਹੋਈਆਂ ਹਨ। ਮੈਨੂੰ ਇਹ ਕਹਿਣ ਵਿੱਚ ਵੀ ਝਿਜਕ ਨਹੀਂ ਕਿ ਉਸ ਦੀ ਉੱਚਪਾਏ ਦੀ ਇਹ ਪਲੇਠੀ ਰਚਨਾ ਪਾਠਕਾਂ 'ਤੇ ਆਪਣਾ ਅਜਿਹਾ ਪਰਿਪੱਕ ਪ੍ਰਭਾਵ ਛੱਡਦੀ ਹੈ।

●

# ਕਮਾਲ ਦੇ ਸ਼ਾਇਰ ਹਨ ਸੁਖਬੀਰ ਸਿੰਘ ਸੰਧੂ

*ਤ੍ਰੈਲੋਚਨ ਲੋਚੀ**

ਕਮਾਲ ਦੇ ਸ਼ਾਇਰ ਸੁਖਬੀਰ ਸਿੰਘ ਸੰਧੂ ਨੂੰ ਜਾਣਨ ਦੀ ਗੱਲ ਤਾਂ ਦੂਰ ਹੈ, ਮੈਂ ਤਾਂ ਉਹਨਾਂ ਦਾ ਕਦੇ ਨਾਮ ਵੀ ਨਹੀਂ ਸੀ ਸੁਣਿਆ। ਇਹ ਤਾਂ ਭਲਾ ਹੋਇਆ ਕਿ ਇੱਕ ਦਿਨ ਭਾ ਜੀ ਗੁਰਭਜਨ ਗਿੱਲ ਹੁਰਾਂ ਨੇ ਮਨਜਿੰਦਰ ਧਨੋਆ ਤੇ ਸਤੀਸ਼ ਗੁਲਾਟੀ ਨਾਲ ਅੰਮ੍ਰਿਤਸਰ ਨੂੰ ਜਾਂਦਿਆਂ ਉਹਨਾਂ ਦੀਆਂ ਪੰਜ ਸੱਤ ਗ਼ਜ਼ਲਾਂ ਸੁਣਾਈਆਂ ਤਾਂ ਮੈਂ ਹੈਰਾਨ ਹੋਇਆ ਕਿ ਹੁਣ ਤਕ ਏਡੀ ਪਿਆਰੀ ਸ਼ਾਇਰੀ ਮੇਰੀ ਨਜ਼ਰੇ ਕਿਉਂ ਨਹੀਂ ਚੜ੍ਹੀ।

ਹੁਣ ਉਹਨਾਂ ਦੀ ਇਹ ਕਿਤਾਬ ਸੁਖਬੀਰ ਹੁਰਾਂ ਦੇ ਨਜ਼ਦੀਕੀ ਰਿਸ਼ਤੇਦਾਰ ਕਰਨਲ ਜਸਬੀਰ ਭੁੱਲਰ ਹੁਰਾਂ ਦੇ ਰਾਹੀ ਮਿਲੀ ਹੈ ਤੇ ਹੁਣ ਇਹ ਕਿਤਾਬ ਭਾਜੀ ਗੁਰਭਜਨ ਸਿੰਘ ਗਿੱਲ ਹੁਰਾਂ ਦੀ ਕੋਸ਼ਿਸ਼ ਨਾਲ ਦੁਬਾਰਾ ਨਵੇਂ ਰੂਪ ਵਿੱਚ ਛਪ ਗਈ ਹੈ। ਸੱਚੀਓਂ ਹੀ ਵੱਡੇ ਤੇ ਭੁੱਲੇ ਵਿਸਰੇ ਕਵੀਆਂ ਨੂੰ ਇਸ ਅੰਦਾਜ਼ ਨਾਲ ਯਾਦ ਕਰਨ ਦਾ ਇਹ ਬਹੁਤ ਹੀ ਵੱਡਾ ਤੇ ਪਵਿੱਤਰ ਕਾਰਜ ਹੈ।

ਹੁਣ ਜਦੋਂ ਮੈਂ ਉਹਨਾਂ ਦੀ ਇਸ ਕਿਤਾਬ ਨੂੰ ਵਾਚ ਰਿਹਾ ਹਾਂ ਤਾਂ ਸੱਚਮੁੱਚ ਉਨ੍ਹਾਂ ਦੇ ਖ਼ੂਬਸੂਰਤ ਸ਼ਿਅਰਾਂ ਵਿੱਚ ਵਹਿੰਦਾ ਜਾ ਰਿਹਾ ਹਾਂ।

*ਸੀਤਿਆਂ ਬੁੱਲ੍ਹਾਂ ਨੂੰ ਜਿਹੜਾ ਛੂਹ ਕੇ ਮੁੜ ਜਾਂਦਾ ਰਿਹਾ,*<br>
*ਆਤਮਾ ਮੇਰੀ ਨੇ ਅੱਜ ਉਹ ਗੀਤ ਗਾ ਕੇ ਵੇਖਿਆ।*

●

*ਇੱਕ ਦਿਨ ਟਿਕਾਣੇ ਪਹੁੰਚ ਗਏ, ਜਿਹੜੇ ਤੁਰੇ ਰਹੇ।*<br>
*ਉਹ ਵੇਖਦੇ ਹੀ ਰਹਿ ਗਏ, ਜੋ ਵੇਖਦੇ ਰਹੇ।*

●

*ਪੱਛਮ ਦੀਆਂ ਹਵਾਵਾਂ ਸਾਨੂੰ ਰਾਸ ਨਾ ਆਈਆਂ*<br>
*ਆਪਣਾ ਬਣਾ ਕੇ ਵੀ ਜੋ ਖ਼ੁਦ ਰਹਿੰਦੀਆਂ ਪਰਾਈਆਂ*

ਕਾਰਨ ਇਹ ਹੈ ਕਿ ਉਹਨਾਂ ਦੀ ਸ਼ਾਇਰੀ ਵਿੱਚ ਹਰ ਉਹ ਰੰਗ ਹਾਜ਼ਰ ਹੈ, ਜਿਹੜੇ ਰੰਗਾਂ ਨਾਲ ਗ਼ਜ਼ਲ ਪੂਰੀ ਤਰ੍ਹਾਂ ਮੁਕੰਮਲ ਹੁੰਦੀ ਹੈ। ਇਸ ਕਿਤਾਬ ਵਿੱਚ ਐਸੇ ਕਿੰਨੇ ਹੀ ਸ਼ਿਅਰ ਹਾਜ਼ਰ ਨੇ, ਜਿਹਨਾਂ ਨੂੰ ਵਾਰ ਵਾਰ ਪੜ੍ਹਨ ਲਈ ਦਿਲ ਕਰਦਾ ਹੈ। ਅਸਲ ਸ਼ਾਇਰੀ ਦੀ ਇਹੋ ਤਾਕਤ ਤੇ ਸਮਰੱਥਾ ਹੁੰਦੀ ਹੈ।

●

---

**ਮੀਤ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ*

# ਸੁਖਬੀਰ ਸਿੰਘ ਸੰਧੂ ਨੇ ਜਿਸ ਸਮੇਂ ਗ਼ਜ਼ਲਾਂ ਲਿਖੀਆਂ

*ਬੂਟਾ ਸਿੰਘ ਚੌਹਾਨ**

ਸੁਖਬੀਰ ਸਿੰਘ ਸੰਧੂ ਨੇ ਜਿਸ ਸਮੇਂ ਗ਼ਜ਼ਲਾਂ ਲਿਖੀਆਂ ਉਸ ਸਮੇਂ ਗ਼ਜ਼ਲ ਬਹੁਤੀ ਪਰਪੱਕ ਨਹੀਂ ਸੀ ਪਰ ਉਨ੍ਹਾਂ ਦੀ ਗ਼ਜ਼ਲ ਮੁੱਢਲੇ ਦੌਰ ਵਿਚ ਹੀ ਸਮਰੱਥ ਹੋ ਗਈ ਸੀ। ਇਸਦਾ ਕਾਰਨ ਉਨ੍ਹਾਂ ਨੂੰ ਬਹਿਰ ਵਜ਼ਨ ਦਾ ਸੰਪੂਰਨ ਗਿਆਨ ਸੀ।

ਉਸ ਦੀ ਗ਼ਜ਼ਲ ਲਿਖਣ ਵਿਚ ਏਨੀ ਮੁਹਾਰਤ ਹੋ ਗਈ ਸੀ ਕਿ ਉਹ ਬਹਿਰ 'ਤੇ ਕਾਬਜ਼ ਹੋ ਕੇ ਲਿਖਦੇ ਸੀ। ਉਨ੍ਹਾਂ ਨੇ ਕਿਸੇ ਸੰਗੀਤਕਾਰ ਵਾਂਗ ਰਾਗ ਕਮਾਉਣ ਵਾਂਗ ਬਹਿਰਾਂ ਕਮਾ ਲਈਆਂ ਸੀ। ਬਹਿਰ 'ਤੇ ਸ਼ਿਅਰ ਦੀ ਭਾਵਨਾ ਭਾਰੂ ਹੁੰਦੀ ਸੀ ਨਾ ਕਿ ਬਹਿਰ ਦੀ ਬਣਤਰ। ਚੰਗੀ ਤੇ ਚਿਰਜੀਵੀ ਗ਼ਜ਼ਲ ਦੀ ਇਹੋ ਵਿਸ਼ੇਸ਼ਤਾ ਹੁੰਦੀ ਹੈ।

ਉਨ੍ਹਾਂ ਨੇ ਆਪਣੀ ਪੁਸਤਕ ਵਿਚ ਭਾਵੇਂ ਬਹੁਤੀਆਂ ਬਹਿਰਾਂ ਦੀ ਵਰਤੋਂ ਨਹੀਂ ਕੀਤੀ ਪਰ ਜਿੰਨੀਆਂ ਬਹਿਰਾਂ ਵਿਚ ਲਿਖਿਆ ਹੈ, ਬਾ-ਕਮਾਲ ਲਿਖਿਆ ਹੈ।

ਉਨ੍ਹਾਂ ਦੀ ਇੱਕੋ ਇਕ ਪੁਸਤਕ 'ਪਾਇਲ' ਪ੍ਰਾਪਤ ਹੈ, ਜੋ ਉਨ੍ਹਾਂ ਨੂੰ ਪ੍ਰਪੱਕ ਤੇ ਪ੍ਰਵੀਨ ਗ਼ਜ਼ਲਕਾਰ ਦੇ ਤੌਰ 'ਤੇ ਸਥਾਪਿਤ ਕਰਦੀ ਹੈ। ਉਨ੍ਹਾਂ ਦੀ ਸ਼ਾਇਰੀ ਵਿਚ ਡਾ ਜਗਤਾਰ, ਰਣਧੀਰ ਸਿੰਘ ਚੰਦ ਤੇ ਅਜਾਇਬ ਚਿਤਰਕਾਰ ਵਰਗੀ ਪ੍ਰਪੱਕਤਾ ਹੈ। ਪਰ ਸੁਖਬੀਰ ਸੰਧੂ ਦੀਆਂ ਗ਼ਜ਼ਲਾਂ ਉਨ੍ਹਾਂ ਦੇ ਸਮਾਂ-ਕਾਲ ਤੋਂ ਪਹਿਲਾਂ ਦੀਆਂ ਸਿਰਜੀਆਂ ਲੱਗਦੀਆਂ ਹਨ। ਇਹ ਸੱਚ ਸਾਨੂੰ ਉਨ੍ਹਾਂ ਦੀ ਗ਼ਜ਼ਲ ਸਿਰਜਣਾ ਦਾ ਸਿੱਕਾ ਮੰਨਣ ਲਈ ਮਜ਼ਬੂਰ ਕਰਦਾ ਹੈ।

ਸੰਧੂ ਦੀਆਂ ਗ਼ਜ਼ਲਾਂ ਦੀ ਵਿਸ਼ੇਸ਼ਤਾ ਇਸ ਪੱਖ ਵਿਚ ਵੀ ਹੈ ਕਿ ਉਨ੍ਹਾਂ ਦੀ ਹਰ ਸਤਰ ਵਿੱਚੋਂ ਸੰਗੀਤ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਹ ਸੰਗੀਤਕ ਪੱਖ ਸ਼ਾਇਰ ਦੀ ਗ਼ਜ਼ਲ ਵਿਚ ਉਦੋਂ ਆਉਂਦਾ ਹੈ, ਜਦੋਂ ਸ਼ਾਇਰ ਖ਼ੁਦ ਸੰਗੀਤਕ ਪੱਖ ਤੋਂ ਜਾਣੂੰ ਹੋਵੇ। ਗਾਉਣ ਦੀ ਮੁਹਾਰਤ ਰੱਖਦਾ ਹੋਵੇ। ਸੌਖੇ ਸ਼ਬਦਾਂ ਵਿਚ ਕਹੀਏ ਤਾਂ ਸ਼ਾਇਰ ਦੀ ਗ਼ਜ਼ਲ ਵਿਚ ਉਨ੍ਹਾਂ ਕੁ ਸੰਗੀਤ ਹੁੰਦਾ ਹੈ, ਜਿੰਨ੍ਹਾਂ ਕੁ ਸ਼ਾਇਰ ਵਿਚ ਹੁੰਦਾ ਹੈ।

ਜੇਕਰ ਉਨ੍ਹਾਂ ਦੀ ਗ਼ਜ਼ਲ ਵਿਚ ਔਖੇ ਤੇ ਭਾਰੇ ਸ਼ਬਦ ਨਹੀਂ ਆਏ, ਇਸਦਾ ਕਾਰਨ ਉਸ ਦੀ ਗ਼ਜ਼ਲ ਦੀ ਗੀਤ-ਆਤਮਿਕਤਾ ਹੈ। ਜੇ ਉਸ ਨੂੰ ਨੁਸਰਤ

**ਮੈਂਬਰ, ਪੰਜਾਬੀ ਬੋਰਡ, ਸਾਹਿਤ ਅਕਾਡਮੀ, ਨਵੀਂ ਦਿੱਲੀ*

ਫ਼ਤਿਹ ਅਲੀ ਖ਼ਾਨ ਨੇ ਗਾਇਆ ਹੈ ਤਾਂ ਇਸਦਾ ਸਿਹਰਾ ਵੀ ਉਨ੍ਹਾਂ ਦੀ ਗ਼ਜ਼ਲ ਵਿਚਲੀ ਸੰਗੀਤਕ ਪ੍ਰਵੀਨਤਾ ਸਿਰ ਬੱਝਦਾ ਹੈ।

ਉਨ੍ਹਾਂ ਦੀ ਗ਼ਜ਼ਲਾਂ ਦੀ ਪੁਸਤਕ 'ਪਾਇਲ' ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਗ਼ਜ਼ਲਕਾਰੀ ਵਿਚ ਆਪਣਾ ਸਿੱਕਾ ਮੰਨਵਾਉਣ ਦੀ ਸਮਰੱਥਾ ਹੈ। ਸੰਧੂ ਨੂੰ ਜਿਉਣ ਲਈ ਲੰਮਾ ਜੀਵਨ ਨਹੀਂ ਮਿਲਿਆ ਪਰ ਜੇ ਕੁਝ ਦਹਾਕੇ ਜਿਉਣ ਦਾ ਹੋਰ ਸਮਾਂ ਮਿਲਦਾ ਤਾਂ ਨਿਸ਼ਚੇ ਹੀ ਬਹੁਤ ਸਾਰੀਆਂ ਪੈੜਾਂ ਹੋਰ ਕਰਦਾ। ਸੰਧੂ ਦੀ ਗ਼ਜ਼ਲਕਾਰੀ ਇਕਹਿਰੀ ਨਹੀਂ, ਸੰਘਣਾਪਣ ਥਾਂ ਥਾਂ ਮੂੰਹ ਵਿਚ ਉਂਗਲਾਂ ਪਵਾਉਂਦਾ ਹੈ।

ਜੋ ਛਿਣ ਅਸੀਂ ਮਿਲਣ ਵਿਛੜਣ, ਕਿਧਰੇ ਜਾਣ ਜਾਂ ਆਉਣ ਦੇ ਵਿਸਾਰਦੇ ਰਹਿੰਦੇ ਹਾਂ ਜਾਂ ਸ਼ਾਇਰੀ ਵਿਚ ਢਾਲਣ ਦੇ ਕਾਬਿਲ ਨਹੀਂ ਸਮਝਦੇ। ਸੰਧੂ ਨੇ ਉਨ੍ਹਾਂ ਨੂੰ ਸਿਰਜਣਾ 'ਚ ਢਾਲ਼ ਲਿਆ ਹੈ। ਪ੍ਰਮਾਣ ਵਜੋਂ ਕੁਝ ਸ਼ਿਅਰ ਵੇਖੋ:-

ਦੇ ਦਏ ਉੱਤਰ ਜਿਵੇਂ ਕੋਈ ਬੁੱਝ ਕੇ ਦਿਲ ਦਾ ਸਵਾਲ.
ਇਸ ਤਰ੍ਹਾਂ ਉਨ੍ਹਾਂ ਮੇਰੇ ਵੱਲ ਮੁਸਕਰਾ ਕੇ ਵੇਖਿਆ।

*

ਰਾਤ ਸਾਕੀ ਨੇ ਪਿਲਾਈ ਇਸ ਤਰ੍ਹਾਂ,
'ਹੋਰ ਪਾ' ਕਹਿਣਾ ਵੀ ਮੁਸ਼ਕਿਲ ਹੋ ਗਿਆ।

*

ਜੋ ਮਹਿਫ਼ਿਲ 'ਚ ਗਈਆਂ ਉਹ ਦਿਲਦਾਰੀਆਂ ਨੇ।
ਜੋ ਬੂਹੇ 'ਤੇ ਰਹੀਆਂ ਉਹ ਲਾਚਾਰੀਆਂ ਨੇ।

ਸੰਧੂ ਨੇ ਵੱਖ-ਵੱਖ ਵੇਲਿਆਂ 'ਤੇ ਰਹੀ ਆਪਣੀ ਮਨੋਂ-ਦਸ਼ਾ ਨੂੰ ਆਪਣੀ ਸ਼ਾਇਰੀ ਵਿਚ ਢਾਲ਼ਿਆ ਹੈ। ਇਹੋ ਕਾਰਨ ਹੈ ਕਿ ਉਹ ਮਨੋਂ ਦਸ਼ਾ ਕਿਸੇ ਨਾ ਕਿਸੇ ਵੇਲ਼ੇ ਪਾਠਕਾਂ ਦੀ ਰਹੀ ਹੁੰਦੀ ਹੈ, ਜੋ ਪ੍ਰਭਾਵਿਤ ਸ਼ਕਤੀ ਬਣ ਜਾਂਦੀ ਹੈ ਅਤੇ ਉਸਦੀ ਸ਼ਾਇਰੀ ਪ੍ਰਤੀ ਲਗਾਓ ਪੈਦਾ ਕਰਦੀ ਹੈ।

●

# ਪਾਇਲ : ਪੰਜਾਬੀ ਗ਼ਜ਼ਲ ਦਾ ਖ਼ੂਬਸੂਰਤ ਚਿਹਰਾ

*ਹਰਿੰਦਰ ਕੌਰ ਸੋਹਲ (ਡਾ.)**

ਸੁਖਬੀਰ ਸਿੰਘ ਸੰਧੂ ਪੰਜਾਬੀ ਦਾ ਅਜਿਹਾ ਗ਼ਜ਼ਲਕਾਰ ਹੈ ਜੋ ਕੱਲ੍ਹ ਤੱਕ ਅਣਗੌਲਿਆ ਰਿਹਾ ਪਰੰਤੂ ਹੁਣ ਗੁਰਭਜਨ ਸਿੰਘ ਗਿੱਲ ਹੁਰਾਂ ਦੇ ਉੱਦਮ ਸਦਕਾ ਉਹ ਅਣਗੌਲ਼ਿਆ ਨਹੀਂ ਰਿਹਾ।

ਸੁਖਬੀਰ ਸਿੰਘ ਸੰਧੂ ਮੁੱਢੋਂ ਹੀ ਸ਼ਾਇਰਾਨਾ ਬਿਰਤੀ ਦਾ ਮਾਲਕ ਸੀ ਪ੍ਰੰਤੂ ਹੌਲੀ-ਹੌਲੀ ਨਿੱਤ ਦੀ ਸ਼ਰਾਬ ਦੀ ਆਦਤ ਨੇ ਉਸ ਨੂੰ ਉਸ ਦੀ ਕਵਿਤਾ ਤੋਂ ਦੂਰ ਕਰ ਦਿੱਤਾ ਸੀ। ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਵਿੱਚ ਬੇ-ਹੱਦ ਸਰੋਦੀ ਅੰਸ਼ ਮੌਜੂਦ ਹਨ। ਸੁਖਬੀਰ ਸਿੰਘ ਸੰਧੂ ਬਹੁਤ ਸੁਰੀਲਾ ਗਾਉਂਦੇ ਸਨ। ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਵਿੱਚ ਮਨੁੱਖੀ ਦਰਦ, ਸਮਾਜਕ ਚੇਤਨਾ, ਇਨਕਲਾਬੀ ਸੁਰ, ਨੌਜਵਾਨਾਂ ਨੂੰ ਸੰਗਰਾਮ ਲਈ ਪ੍ਰੇਰਨਾ ਦੇ ਕੇ, ਗ਼ਰੀਬੀ, ਜਮਾਤੀ ਨਾ-ਬਰਾਬਰੀ ਹਟਾਉਣ ਦੀ ਪ੍ਰੇਰਨਾ ਦੇਂਦੀ ਹੈ। ਉਦਾਹਰਣ ਵਜੋਂ -

*ਦੱਸਦਾ ਹੈ ਹਰ ਨਜ਼ਾਰਾ, ਕਰਵਟ ਬਦਲ ਬਦਲ ਕੇ।*
*ਕੋਈ ਇਨਕਲਾਬ ਆਉਣਾ ਹੈ, ਅੱਜ ਨਹੀਂ ਤਾਂ ਭਲ਼ਕੇ।*

ਸੁਖਬੀਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਵਿੱਚ ਮਹਿਬੂਬ ਦੀਆਂ ਯਾਦਾਂ , ਪਰਦੇਸਾਂ ਵਿਚਲੀ ਤਨਹਾਈ, ਮਾਂ ਧਰਤੀ ਪ੍ਰਤੀ ਪਿਆਰ - ਸਤਿਕਾਰ ਦਾ ਪ੍ਰਗਟਾਵਾ ਮਚਲਦਾ ਹੈ। ਜੰਗ ਦੇ ਵਪਾਰੀਆਂ ਦੀ ਕਾਰ-ਸ਼ੈਤਾਨੀ ਅਤੇ ਮਨੁੱਖੀ ਖ਼ੂਨ ਦੇ ਵਗਣ ਦਾ ਡੂੰਘਾ ਅਫ਼ਸੋਸ ਵੀ ਬੋਲਦਾ ਹੈ।

ਉਨ੍ਹਾਂ ਦੀ ਪੁਸਤਕ **"ਪਾਇਲ"** ਵਿੱਚ ਵਿਸ਼ਿਆਂ ਦੀ ਭਰਮਾਰ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਗ਼ਜ਼ਲ ਸਿਦਕ, ਸਬਰ ਨਾਲ ਜ਼ੁਲਮ ਦੇ ਹਾਰਨ ਦੀ ਖ਼ੂਬਸੂਰਤ ਮਿਸਾਲ ਹੈ:

*ਕੋਈ ਇਹ ਕਰਾਮਾਤ ਕਰਕੇ ਵਿਖਾਲੇ।*
*ਕਿ ਦਿਲ ਹੈ ਸਲਾਮਤ ਬਦਨ ਛਾਲੇ ਛਾਲੇ।*
*ਜ਼ੁਲਮ ਥੱਕ ਗਿਆ ਹੈ, ਕਹਿਰ ਹੁੱਸ ਗਿਆ ਹੈ,*
*ਸਿਦਕ ਨੇ ਨਾ ਮੂੰਹੋਂ 'ਸੀ' ਆਖੀ ਹੈ ਹਾਲੇ।*

---

**ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ*

ਅਜਿਹੀ ਰਚਨਾ ਕਰਨ ਵਾਲੇ ਸ਼ਾਇਰ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਖਾਸ ਸਥਾਨ ਦੇਣ ਲਈ ਗੁਰਭਜਨ ਸਿੰਘ ਗਿੱਲ ਦਾ ਧੰਨਵਾਦ! ਉਨ੍ਹਾਂ ਨੇ ਸੁਖਬੀਰ ਸਿੰਘ ਸੰਧੂ ਵਰਗੇ ਅਣਗੌਲੇ ਕਵੀ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਫਿਰ ਤੋਂ ਜਿਉਂਦਾ ਕਰਕੇ ਸੱਚਮੁੱਚ ਹੀ ਬੜੀ ਮਹਾਨ ਸੇਵਾ ਦਾ ਕੰਮ ਕੀਤਾ ਹੈ। ਮੇਰੇ ਲਈ ਵੀ ਇਹ ਫ਼ਖ਼ਰ ਦਾ ਮੁਕਾਮ ਹੈ ਕਿ ਮੇਰੀ ਜਨਮ ਭੂਮੀ ਤਰਨ ਤਾਰਨ ਦਾ ਇਹ ਸਿਰਜਕ ਨਵੇਂ ਜਾਮੇ ਵਿੱਚ ਪੇਸ਼ ਹੋ ਰਿਹਾ ਹੈ। ਇਸ ਸ਼ਾਇਰੀ ਦੀ ਟੈਕਸਟ ਦੇ ਨਾਲ ਨਾਲ ਇੱਕੋ ਜਿਲਦ ਵਿੱਚ ਡਾ. ਆਤਮਜੀਤ ਤੇ ਹੋਰ ਲੇਖਕਾਂ/ਆਲੋਚਕਾਂ ਦੇ ਲੇਖ ਤੇ ਟਿੱਪਣੀਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ।

●

ਪੰਜਾਬੀ ਕਵਿਤਾ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਮਾਝਾ ਖੇਤਰ ਦਾ ਬਹੁਤ ਵੱਡਾ ਯੋਗਦਾਨ ਹੈ। ਕਿੱਸਾ ਸੱਸੀ ਪੁੰਨੂ ਲੇਖਕ ਜਗਦੇਵ ਕਲਾਂ ਦਾ ਸੂਫ਼ੀ/ਕਿੱਸਾਕਾਰ ਹਾਸ਼ਮ ਸ਼ਾਹ, ਜੰਗਨਾਮਾ ਸਿੰਘਾਂ ਤੇ ਫਰੰਗੀਆਂ ਲਿਖਣ ਵਾਲੇ ਸ਼ਾਹ ਮੁਹੰਮਦ ਦਾ ਪਿੰਡ ਵੀ ਮਜੀਠਾ ਨੇੜੇ ਵਡਾਲਾ ਵੀਰਮ ਹੈ। ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਜਸਟਿਸ ਪ੍ਰੀਤਮ ਸਿੰਘ ਸਫ਼ੀਰ, ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ ਤੇ ਸ਼ਿਵ ਕੁਮਾਰ ਬਟਾਲਵੀ ਇਸੇ ਜ਼ਮੀਨ ਵਿੱਚ ਪੈਦਾ ਹੋਏ। ਕਿੰਨਾ ਚੰਗਾ ਲੱਗਾ ਜਦ ਪਤਾ ਲੱਗਿਆ ਕਿ ਨੁਸਰਤ ਫ਼ਤਹਿ ਅਲੀ ਜੀ ਦੀ ਗਾਈ ਵਿਸ਼ਵ ਪ੍ਰਸਿੱਧ ਗ਼ਜ਼ਲ

"ਉਸ ਬੇਵਫ਼ਾ ਦੀ ਯਾਦ ਵਿੱਚ ਰੋਇਆ ਕਰਾਂ ਕਿ ਨਾ।"

ਵੀ ਤਰਨ ਤਾਰਨ ਦੇ ਜੰਮਪਲ ਕਵੀ ਸੁਖਬੀਰ ਸਿੰਘ ਸੰਧੂ ਦੀ ਅਮਰ ਰਚਨਾ ਹੈ। ਉਨ੍ਹਾਂ ਦੀ ਗ਼ਜ਼ਲ ਪੁਸਤਕ **"ਪਾਇਲ"** ਦੇ ਨਵ ਪ੍ਰਕਾਸ਼ਨ ਤੇ ਮੈਨੂੰ ਬਹੁਤ ਪ੍ਰਸੰਨਤਾ ਹੋ ਰਹੀ ਹੈ। ਵਿਸ਼ਵ ਪੰਜਾਬੀ ਸਭਾ ਬਰਾਂਪਟਨ (ਕੈਨੇਡਾ) ਦੀ ਭਾਰਤੀ ਇਕਾਈ ਦਾ ਪ੍ਰਧਾਨ ਹੋਣ ਨਾਤੇ ਮੈਂ ਇਹ ਕਿਤਾਬ ਵਿਸ਼ਾਲ ਪਾਠਕ ਵਰਗ ਤੀਕ ਭੇਜਣ ਦੀ ਕੋਸ਼ਿਸ਼ ਕਰਾਂਗਾ ਕਿਉਂਕਿ ਇਹ ਗੁੰਮਿਆ ਖ਼ਜ਼ਾਨਾ 53 ਸਾਲ ਬਾਅਦ ਸਾਡੀ ਸੰਸਥਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਾਨੂੰ ਲੱਭ ਕੇ ਦਿੱਤਾ ਹੈ। ਇਹ ਚੰਗੀ ਪਿਰਤ ਹੈ ਕਿਉਂਕਿ ਇਸ ਨਾਲ ਲੇਖਕ ਦੀ ਲਿਖਤ ਨੂੰ ਬਹੁਤ ਬਰੀਕੀ ਨਾਲ ਜਾਨਣ ਦਾ ਮੌਕਾ ਮਿਲਦਾ ਹੈ।

***ਸਿ.ਫਰ ਸਤਬੀਰ ਸਿੰਘ***

*ਪ੍ਰਧਾਨ, ਵਿਸ਼ਵ ਪੰਜਾਬੀ ਸਭਾ ਭਾਰਤ*



ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।
ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।

ਸੁਣਿਆ ਹੈ ਰਾਤ ਗ਼ੈਰ ਨੂੰ ਸੁਪਨੇ ਚ ਮਿਲੇ ਹੋ,
ਦੱਸੋ ਤੁਸੀਂ ਹੀ ਏਸ ਦਾ ਸ਼ਿਕਵਾ ਕਰਾਂ ਕਿ ਨਾ।

ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ,
ਕਹਿ ਦੇ ਜ਼ਰਾ ਕਿ ਜਾਣ ਦਾ ਵਾਅਦਾ ਕਰਾਂ ਕਿ ਨਾ।

ਇਹ ਸੋਚਦਾ ਹੀ ਸੋਚਦਾ ਕਾਅਬੇ ਤੋਂ ਮੁੜ ਪਿਆ,
ਤੇਰੀ ਦਲੀਜ਼ ਤੋਂ ਬਿਨਾਂ ਸਜਦਾ ਕਰਾਂ ਕਿ ਨਾ।

ਉਹ ਗੱਲ ਮੇਰੇ ਪਿਆਰ ਦੀ ਲੋਕਾਂ ਨੇ ਜਾਣ ਲਈ,
ਮੈਂ ਹਾਂ ਅਜੇ ਵਿਚਾਰਦਾ ਚਰਚਾ ਕਰਾਂ ਕਿ ਨਾ।

ਸੁਖਬੀਰ ਸਿੰਘ ਸੰਧੂ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

ISBN 978-93-6831-031-0

₹ 250/-